ਹੋਰ ਫਲ ਨਹੀਂ!

ਇੱਕ ਵਾਰ ਇੱਕ ਛੋਟਾ ਬਾਂਦਰ ਤਰਬੂਜ਼ ਦੇ ਖੇਤ ਵਿੱਚ ਘੁੰਮ ਰਿਹਾ ਸੀ। ਉਹ ਵੱਡੇ, ਗੋਲ ਫਲਾਂ ਨੂੰ ਦੇਖ ਕੇ ਖੁਸ਼ ਹੋ ਗਿਆ। ਉਸਨੇ ਸਭ ਤੋਂ ਵੱਡੇ ਤਰਬੂਜ਼ ਵਿੱਚ ਦੰਦ ਗੱਡ ਦਿੱਤੇ।

"ਓਹ!" ਬਾਂਦਰ ਚੀਖਿਆ, "ਇਹ ਤਾਂ ਬਹੁਤ ਕੌੜਾ ਹੈ!"

ਇੱਕ ਬੱਕਰੀ ਇਹ ਸਭ ਦੇਖ ਰਹੀ ਸੀ। ਉਸਨੇ ਕਿਹਾ, "ਤੈਨੂੰ ਤਰਬੂਜ਼ ਦਾ ਅੰਦਰਲਾ ਨਰਮ ਹਿੱਸਾ ਖਾਣਾ ਚਾਹੀਦਾ ਹੈ, ਛਿਲਕਾ ਨਹੀਂ।"

ਬਾਂਦਰ ਨੇ ਸਖ਼ਤ ਛਿਲਕਾ ਥੁੱਕ ਦਿੱਤਾ। "ਮੈਨੂੰ ਪਤਾ ਸੀ!" ਉਹ ਗੁੱਸੇ ਨਾਲ ਬੋਲਿਆ। "ਤੈਨੂੰ ਦੱਸਣ ਦੀ ਲੋੜ ਨਹੀਂ ਸੀ!"



ਬਾਂਦਰ ਕੁਝ ਸਮਾਂ ਇਧਰ-ਉਧਰ ਫਿਰਦਾ ਰਿਹਾ। ਅਚਾਨਕ ਹਵਾ ਵਿੱਚੋਂ ਇੱਕ ਮਿੱਠੀ ਖੁਸ਼ਬੂ ਆਈ। ਆਹਾ! ਇੱਥੇ ਖਰਬੂਜ਼ਿਆਂ ਦਾ ਬਾਗ ਸੀ! ਬਾਂਦਰ ਨੇ ਇੱਕ ਖਰਬੂਜ਼ਾ ਤੋੜਿਆ ਅਤੇ ਉਸਦਾ ਅੰਦਰਲਾ ਹਿੱਸਾ ਚੱਖਿਆ।

"ਛੀ!" ਉਹ ਬੋਲਿਆ, "ਇਹ ਤਾਂ ਬਹੁਤ ਚਿੱਪਚਿੱਪਾ ਹੈ!"

ਇੱਕ ਖੋਤਾ ਇਹ ਸਭ ਦੇਖ ਰਿਹਾ ਸੀ। ਉਸਨੇ ਕਿਹਾ, "ਰੁੱਕ! ਖਰਬੂਜ਼ੇ ਦਾ ਵਿਚਕਾਰਲਾ ਹਿੱਸਾ ਬੀਜਾਂ ਨਾਲ ਭਰਿਆ ਹੁੰਦਾ ਹੈ। ਛਿਲਕੇ ਦੇ ਨੇੜੇ ਵਾਲਾ ਨਰਮ ਗੂਦਾ ਖਾ।"

ਬਾਂਦਰ ਨੇ ਚਿੱਪਚਿੱਪੇ ਬੀਜ ਥੁੱਕ ਦਿੱਤੇ। "ਮੈਨੂੰ ਪਤਾ ਸੀ!" ਉਹ ਫਿਰ ਬੋਲਿਆ। "ਤੈਨੂੰ ਦੱਸਣ ਦੀ ਲੋੜ ਨਹੀਂ ਸੀ!"





ਬਾਂਦਰ ਅੱਗੇ ਵਧਿਆ। ਉਹ ਬਹੁਤ ਭੁੱਖਾ ਸੀ। ਰਾਹ ਵਿੱਚ ਕਈ ਡਿੱਗੇ ਹੋਏ ਫਲ ਪਏ ਸਨ। ਬਾਂਦਰ ਨੇ ਉੱਪਰ ਵੇਖਿਆ। ਓਹ! ਉਹ ਬਦਾਮ ਦੇ ਰੁੱਖ ਹੇਠਾਂ ਖੜਾ ਸੀ!
"ਇਹ ਫਲ ਛੋਟੇ ਅਤੇ ਨਰਮ ਹਨ," ਉਸਨੇ ਸੋਚਿਆ। "ਇਹ ਜ਼ਰੂਰ ਸੁਆਦਲੇ ਹੋਣਗੇ!"

ਉਹ ਰੁੱਖ 'ਤੇ ਚੜ੍ਹਿਆ ਅਤੇ ਇੱਕ ਬਦਾਮ ਤੋੜ ਲਿਆ। ਇੱਕ ਨੀਲੀ ਚਿੜੀ ਇਹ ਸਭ ਦੇਖ ਰਹੀ ਸੀ। ਉਸਨੇ ਕਿਹਾ, "ਨਰਮ ਛਿਲਕੇ ਨਾਲ ਧੋਖਾ ਨਾ ਖਾ! ਸਖ਼ਤ ਖੋਲ ਤੋੜ ਕੇ ਅੰਦਰਲਾ ਬਦਾਮ ਖਾ।"

ਪਰ ਕੀ ਬਾਂਦਰ ਨੇ ਸੁਣਿਆ? ਨਹੀਂ! ਉਸਨੇ ਬਦਾਮ ਨੂੰ ਜ਼ੋਰ ਨਾਲ ਕੱਟਿਆ। "ਮੇਰਾ ਦੰਦ ਟੁੱਟ ਗਿਆ!" ਉਹ ਚੀਖਿਆ।
ਉਹ ਧਰਤੀ 'ਤੇ ਡਿੱਗ ਪਿਆ।





ਛੋਟਾ ਬਾਂਦਰ ਆਪਣਾ ਦਰਦ ਕਰਦਾ ਜਬੜਾ ਫੜ ਕੇ ਇਧਰ-ਉਧਰ ਦੌੜਦਾ ਰਿਹਾ। ਅਚਾਨਕ ਉਹ ਇੱਕ ਨੀਵੀਂ ਟਾਹਣੀ ਨਾਲ ਟਕਰਾ ਗਿਆ। ਉਸ ਟਾਹਣੀ 'ਤੇ ਪੱਕੀਆਂ ਨਾਸ਼ਪਤੀਆਂ ਲੱਗੀਆਂ ਹੋਈਆਂ ਸਨ।

ਬਾਂਦਰ ਨੇ ਇੱਕ ਨਾਸ਼ਪਤੀ ਤੋੜੀ ਅਤੇ ਉਸਨੂੰ ਰੁੱਖ ਦੇ ਤਣੇ ਨਾਲ ਮਾਰਿਆ। ਉਸਨੇ ਸਖ਼ਤ ਕਾਲੇ ਬੀਜ ਕੱਢ ਕੇ ਮੂੰਹ ਵਿੱਚ ਪਾ ਲਏ। "ਛੀ!" ਉਹ ਚੀਖਿਆ ਅਤੇ ਬੀਜ ਥੁੱਕ ਦਿੱਤੇ।

ਨੀਲੀ ਚਿੜੀ ਉੱਡ ਕੇ ਆਈ ਅਤੇ ਪੁੱਛਿਆ, "ਕੀ ਨਾਸ਼ਪਤੀ ਸੁਆਦਲੀ ਸੀ?" ਬਾਂਦਰ ਨੇ ਗੁੱਸੇ ਨਾਲ ਨਾਸ਼ਪਤੀ ਚਿੜੀ ਵੱਲ ਸੁੱਟ ਦਿੱਤੀ। "ਹੁਣ ਮੈਨੂੰ ਕੋਈ ਵੀ ਫਲ ਨਹੀਂ ਚਾਹੀਦਾ!" ਉਹ ਕਹਿੰਦਾ ਹੋਇਆ ਚਲਾ ਗਿਆ।

(ਚੀਨ ਦੀ ਇੱਕ ਕਹਾਣੀ)





Publisher Rajalakshmi Srinivasan Memorial Foundation

P. Saraswati V. Vijayakanthi


L. S. Saraswathi S. Rajalakshmi

Punjabi Ramanpreet Kaur

Artist Uma Krishnaswamy

12


ਅਸੀਂ ਕੌਣ ਹਾਂ?



ਮੈਂ ਅਸਮਾਨ ਨੂੰ ਰੌਸ਼ਨ ਕਰਦਾ ਹਾਂ,
ਤੇ ਤੁਹਾਡੀਆਂ ਅੱਖਾਂ ਨੂੰ ਚਮਕਾਉਂਦਾ ਹਾਂ!

ਜਦੋਂ ਮੈਂ ਰੋਂਦਾ ਹਾਂ,
ਧਰਤੀ ਹੱਸਣ ਲੱਗ ਪੈਂਦੀ ਹੈ।

ਇੱਕ ਜਾਲ 'ਤੇ, ਜੋ ਮਨੁੱਖ ਨੇ ਨਹੀਂ ਬਣਾਇਆ,
ਚੰਬੇ ਦੇ ਫੁੱਲ ਖਿੜਦੇ ਹਨ।



ਮੈਂ ਕਦੇ ਗੋਲ ਹੁੰਦਾ ਹਾਂ,
ਅਤੇ ਅਕਸਰ ਚਿੱਟਾ।
ਦਿਨ ਵਿੱਚ ਮੈਂ ਮੰਦ ਪੈ ਜਾਂਦਾ ਹਾਂ,
ਪਰ ਰਾਤ ਨੂੰ ਮੈਂ ਤਾਕਤਵਰ ਤੇ ਚਮਕਦਾਰ ਹੁੰਦਾ ਹਾਂ!


ਮੈਂ ਹੌਲੀ-ਹੌਲੀ ਹਵਾ ਵਿੱਚ ਚੜ੍ਹਦਾ ਹਾਂ,
ਉੱਚਾ, ਚਿੱਟਾ ਤੇ ਸ਼ਾਂਤ ਤੈਰਦਾ ਹਾਂ।
ਕਦੇ ਮੈਂ ਕਾਲਾ ਹੋ ਜਾਂਦਾ ਹਾਂ, ਭਾਰੀ ਮਹਿਸੂਸ ਕਰਦਾ ਹਾਂ,
ਫਿਰ ਗੜਗੜਾਂਦਾ ਹਾਂ ਤੇ ਹੇਠਾਂ ਵਾਪਸ ਆ ਜਾਂਦਾ ਹਾਂ।

ਇਹ ਰੰਗ-ਬਰੰਗੀ ਕਮਾਨ,
ਬਹੁਤ ਉੱਚੀ ਹੈ—ਪਹੁੰਚ ਤੋਂ ਬਾਹਰ!

ਜੀਵਤ ਚੀਜ਼ਾਂ ਨੂੰ ਹਵਾ ਚਾਹੀਦੀ ਹੈ—ਮੈਨੂੰ ਵੀ!
ਜੀਵਤ ਚੀਜ਼ਾਂ ਨੂੰ ਭੋਜਨ ਚਾਹੀਦਾ ਹੈ—ਮੈਨੂੰ ਵੀ!
ਜੀਵਤ ਚੀਜ਼ਾਂ ਨੂੰ ਪਾਣੀ ਚਾਹੀਦਾ ਹੈ—ਪਰ ਮੈਨੂੰ ਨਹੀਂ!
ਜੇ ਤੁਸੀਂ ਮੈਨੂੰ ਪਾਣੀ ਦਿਓ, ਮੈਂ ਮਰ ਜਾਂਦਾ ਹਾਂ!

ਮੇਰੇ ਸਿਰ ਉੱਤੇ ਇੱਕ ਸੋਹਣੀ, ਵਿਸ਼ਾਲ ਛੱਤ ਹੈ,
ਪਰ ਜਿਵੇਂ ਹੀ ਮੈਂ ਨੇੜੇ ਜਾਂਦਾ ਹਾਂ,
ਉਹ ਦੂਰ ਹੋ ਜਾਂਦੀ ਹੈ!

ਉਸ ਦੇ ਬਿਨਾਂ ਮੀਂਹ ਨਹੀਂ ਪਵੇਗਾ,
ਉਸ ਦੇ ਬਿਨਾਂ ਫਸਲਾਂ ਨਹੀਂ ਵਧਣਗੀਆਂ,
ਉਸ ਦੇ ਬਿਨਾਂ ਧਰਤੀ ਕਦੇ ਸੰਭਲ ਨਹੀਂ ਸਕੇਗੀ,
ਉਸ ਦੇ ਬਿਨਾਂ ਨੀਂਦ ਕਦੇ ਖਤਮ ਨਹੀਂ ਹੋਵੇਗੀ!



ਘੁੰਮਦਾ ਤੇ ਦੌੜਦਾ,
ਛਾਲਾਂ ਮਾਰਦਾ ਤੇ ਖੇਡਦਾ,
ਜਦੋਂ ਕੋਈ ਬਿੱਲ ਵੇਖੇ,
ਤੁਰੰਤ ਝਪਟ ਪੈਂਦਾ ਹੈ!

ਬਿਨਾਂ ਲੱਤਾਂ ਦੇ ਫਿਰਦਾ,
ਬਿਨਾਂ ਹੱਥਾਂ ਦੇ ਛੂਹਦਾ,
ਬਿਨਾਂ ਸਰੀਰ ਦੇ ਖੇਡਦਾ,
ਬਿਨਾਂ ਜ਼ਿੰਦਗੀ ਦੇ ਅੰਦਰ ਆ ਜਾਂਦਾ
ਅਤੇ ਫਿਰ ਚਲਾ ਜਾਂਦਾ ਹੈ।

ਹਾਏ! ਇਹ ਗਰੀਬ ਦਾ ਬਿਸਤਰਾ—
ਸਵੇਰੇ ਕੋਈ ਇਸਨੂੰ ਲਪੇਟਦਾ ਨਹੀਂ!

ਹਮੇਸ਼ਾ ਹਲਚਲ ਵਿੱਚ, ਕਦੇ ਆਰਾਮ ਨਹੀਂ,
ਮੇਰੇ ਵਿਸ਼ਾਲ ਪੇਟ ਵਿੱਚ ਲੱਖਾਂ ਜੀਵ ਰਹਿੰਦੇ ਹਨ।
ਮੈਂ ਹਰ ਭਾਰੀ ਚੀਜ਼ ਨਿਗਲ ਲੈਂਦਾ ਹਾਂ,
ਸਿਰਫ਼ ਲੱਕੜ ਦੀਆਂ ਚੀਜ਼ਾਂ ਛੱਡ ਦਿੰਦਾ ਹਾਂ।

ਅੱਗ, ਧਰਤੀ, ਕਮਾਨ,ਹਵਾ, ਪਾਣੀ,
ਅਸਮਾਨ, ਸੂਰਜ, ਸਮੁੰਦਰ,
ਚੰਦਰਮਾ, ਤਾਰੇ, ਮੀਂਹ, ਬੱਦਲ, ਬਿਜਲੀ

ਇੱਕ ਤੰਗ ਲਿਪਟੀ ਹੋਈ ਚਾਦਰ ਵਾਂਗ,
ਮੈਂ ਤੁਹਾਨੂੰ ਸਾਰੇ ਪਾਸਿਆਂ ਤੋਂ ਢੱਕ ਲੈਂਦਾ ਹਾਂ।
ਗਰਮੀ ਵਿੱਚ ਪਸੀਨਾ ਕਰਦਾ ਹਾਂ,
ਤੇ ਸਰਦੀ ਵਿੱਚ ਕੰਬਦਾ ਹਾਂ।

ਇੱਕ ਉੱਭਰੀ ਲਕੀਰ,
ਦੋਨੋਂ ਪਾਸਿਆਂ ਢਲਾਨ ਵਾਲੀ।

ਇਹ ਭੈਣਾਂ ਹਨ,
ਇਹ ਗੁਆਂਢਣਾਂ ਹਨ,
ਇਹ ਇਕੱਠੇ ਕੰਮ ਕਰਦੀਆਂ ਹਨ,
ਪਰ ਕਦੇ ਨਹੀਂ ਮਿਲਦੀਆਂ।

ਮੈਂ ਹਰ ਗੱਲ ਸੁਣਦਾ ਹਾਂ,
ਪਰ ਕਦੇ ਦੱਸਦਾ ਨਹੀਂ ਜੋ ਸੁਣਿਆ।

ਮੈਂ ਹਰ ਆਉਣ ਵਾਲੇ ਦਾ ਸਵਾਗਤ ਕਰਦਾ ਹਾਂ,
ਗਰਮੀ ਤੇ ਮਿੱਠਾਸ ਨਾਲ,
ਪਰ ਮੈਂ ਆਪਣੇ ਹਵਾਦਾਰ ਘਰ ਵਿੱਚ ਹੀ ਰਹਿੰਦਾ ਹਾਂ,
ਕਦੇ ਬਾਹਰ ਨਹੀਂ ਜਾਂਦਾ।

ਜੀਭ, ਨੱਕ, ਅੱਖਾਂ, ਕੰਨ, ਚਮੜੀ

P. Saraswati   V. Vijayakanthi
L. S. Saraswathi   S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਚੂਹਿਆਂ ਦੀ ਕੂਚ


ਇੱਕ ਚਾਲਾਕ ਬਿੱਲੀ ਨੇ ਇੱਕ ਦਿਨ ਚੂਹਿਆਂ ਨੂੰ ਆਸਾਨੀ ਨਾਲ ਫੜਨ ਦੀ ਯੋਜਨਾ ਬਣਾਈ। ਉਸਨੇ ਇੱਕ ਮੀਟਿੰਗ ਬੁਲਾਈ ਅਤੇ ਚੂਹਿਆਂ ਨੂੰ ਕਿਹਾ, "ਦੋਸਤੋ! ਕਈ ਸਾਲਾਂ ਤੋਂ ਮੈਂ ਤੁਹਾਡਾ ਸ਼ਿਕਾਰ ਕਰਦੀ ਆ ਰਹੀ ਹਾਂ, ਤੁਹਾਨੂੰ ਦੌੜਾਂਦੀ ਰਹੀ ਹਾਂ ਅਤੇ ਤੁਹਾਨੂੰ ਕਦੇ ਚੈਨ ਨਹੀਂ ਲੈਣ ਦਿੱਤਾ। ਪਰ ਹੁਣ ਆਓ ਇੱਕ ਸਮਝੌਤਾ ਕਰੀਏ। ਕੀ ਅਸੀਂ ਮਿਲਜੁਲ ਕੇ ਰਹਿਣ ਦੀ ਕੋਸ਼ਿਸ਼ ਕਰੀਏ?"

ਚੂਹੇ ਬਹੁਤ ਹੈਰਾਨ ਹੋਏ।

ਬਿੱਲੀ ਨੇ ਅੱਗੇ ਕਿਹਾ, "ਮੈਂ ਸਿਰਫ਼ ਇਹ ਚਾਹੁੰਦੀ ਹਾਂ ਕਿ ਹਰ ਸਵੇਰੇ ਅਤੇ ਹਰ ਸ਼ਾਮ ਤੁਸੀਂ ਮੇਰੀ ਗੱਲ ਮੰਨੋ। ਦਿਨ ਵਿੱਚ ਦੋ ਵਾਰੀ ਤੁਸੀਂ ਸਾਰੇ ਮੇਰੇ ਅੱਗੇ ਕਤਾਰ ਵਿੱਚ ਲੰਘੋ, ਸਿਰ ਝੁਕਾਓ ਅਤੇ ਅੱਗੇ ਵਧ ਜਾਓ। ਬੱਸ ਇੰਨਾ ਹੀ!"

ਸਾਰੇ ਚੂਹੇ ਖੁਸ਼ ਹੋ ਗਏ। ਉਹਨਾਂ ਨੂੰ ਕੋਈ ਸ਼ੱਕ ਨਹੀਂ ਹੋਇਆ!

ਕੀ ਤੁਸੀਂ ਬਿੱਲੀ ਦੀ ਯੋਜਨਾ ਸਮਝ ਸਕਦੇ ਹੋ? ਉਹ ਇੱਕ ਸਿੰਘਾਸਨ 'ਤੇ ਬੈਠਦੀ ਅਤੇ ਇੱਕ-ਇੱਕ ਕਰਕੇ ਚੂਹੇ ਉਸਦੇ ਅੱਗੇ ਝੁਕਦੇ ਹੋਏ ਲੰਘਦੇ। ਪਰ ਕਤਾਰ ਵਿੱਚ ਆਖ਼ਰੀ ਚੂਹਾ—ਉਹ ਬਿੱਲੀ ਦਾ ਖਾਣਾ ਬਣ ਜਾਂਦਾ!



ਕਈ ਦਿਨਾਂ ਤੱਕ ਇਹ ਯੋਜਨਾ ਚੱਲਦੀ ਰਹੀ। ਜ਼ਿਆਦਾਤਰ ਚੂਹਿਆਂ ਨੂੰ ਕੁਝ ਗਲਤ ਨਹੀਂ ਲੱਗਿਆ।

ਪਰ ਚੂਹਿਆਂ ਵਿੱਚ ਦੋ ਹੁਸ਼ਿਆਰ ਦੋਸਤ ਸਨ—ਅੰਬੇ ਅਤੇ ਰੰਬੇ। ਉਹਨਾਂ ਨੇ ਧਿਆਨ ਕੀਤਾ ਕਿ ਹਰ ਦਿਨ ਕਤਾਰ ਵਿੱਚ ਖੜ੍ਹੇ ਚੂਹਿਆਂ ਦੀ ਗਿਣਤੀ ਘੱਟ ਰਹੀ ਹੈ। ਸਾਰੀ ਟੋਲੀ ਛੋਟੀ ਹੋ ਰਹੀ ਸੀ!

ਅੰਬੇ ਅਤੇ ਰੰਬੇ ਨੂੰ ਤੁਰੰਤ ਬਿੱਲੀ 'ਤੇ ਸ਼ੱਕ ਹੋ ਗਿਆ। ਉਹਨਾਂ ਨੇ ਮਿਲ ਕੇ ਆਪਣੀ ਯੋਜਨਾ ਬਣਾਈ।

ਅਗਲੇ ਸਵੇਰੇ ਅੰਬੇ ਸਭ ਤੋਂ ਅੱਗੇ ਖੜ੍ਹਾ ਹੋ ਗਿਆ ਅਤੇ ਬੋਲਿਆ, "ਰੰਬੇ, ਤੂੰ ਕਿੱਥੇ ਹੈਂ?" ਰੰਬੇ ਸਭ ਤੋਂ ਪਿੱਛੇ ਖੜ੍ਹਾ ਸੀ। ਉਸਨੇ ਜਵਾਬ ਦਿੱਤਾ, "ਮੈਂ ਇੱਥੇ ਹੀ ਹਾਂ!"



ਜਿਵੇਂ ਕਤਾਰ ਅੱਗੇ ਵਧਦੀ ਗਈ, ਉਹ ਇੱਕ-ਦੂਜੇ ਨੂੰ ਆਵਾਜ਼ਾਂ ਮਾਰਦੇ ਰਹੇ। ਸ਼ਾਮ ਨੂੰ ਵੀ ਉਹਨਾਂ ਨੇ ਇਹੀ ਕੀਤਾ—ਇਸ ਵਾਰੀ ਰੰਬੇ ਅੱਗੇ ਅਤੇ ਅੰਬੇ ਪਿੱਛੇ ਸੀ।

ਬਿੱਲੀ ਬਹੁਤ ਗੁੱਸੇ ਵਿੱਚ ਆ ਗਈ। ਉਹ ਇਸ ਨਵੇਂ ਤਰੀਕੇ ਨਾਲ ਬਹੁਤ ਖੁਸ਼ ਸੀ। ਹਰ ਰੋਜ਼, ਦਿਨ ਵਿੱਚ ਦੋ ਵਾਰੀ, ਸੁਆਦਲਾ ਖਾਣਾ ਆਪ ਹੀ ਉਸਦੇ ਕੋਲ ਆ ਜਾਂਦਾ ਸੀ। ਇਹ ਤਾਂ ਬਿਲਕੁਲ ਵਧੀਆ ਜੁਗਤ ਸੀ!

ਪਰ ਹੁਣ ਕੀ ਕਰੇ? ਜੇ ਬਿੱਲੀ ਸਵੇਰੇ ਰੰਬੇ ਨੂੰ ਜਾਂ ਸ਼ਾਮ ਨੂੰ ਅੰਬੇ ਨੂੰ ਫੜ ਕੇ ਖਾ ਲੈਂਦੀ, ਤਾਂ ਉਸਦੀ ਚਾਲਾਕੀ ਦਾ ਪਤਾ ਲੱਗ ਜਾਂਦਾ।


ਉਸ ਦਿਨ ਬਿੱਲੀ ਭੁੱਖੀ ਰਹਿ ਗਈ। ਉਸ ਦੀ ਰਾਤ ਬਿਨਾਂ ਨੀਂਦ ਦੇ ਲੰਘ ਗਈ!



ਪਰ ਸਵੇਰ ਦੀ ਰੌਸ਼ਨੀ ਨਾਲ ਉਸਨੂੰ ਨਵੀਂ ਉਮੀਦ ਮਿਲੀ। “ਕੱਲ੍ਹ ਜੋ ਹੋਇਆ ਉਹ ਅਜੀਬ ਸੀ,” ਉਸਨੇ ਸੋਚਿਆ। “ਅੱਜ ਮੈਂ ਜ਼ਰੂਰ ਆਖ਼ਰੀ ਚੂਹੇ ਨੂੰ ਫੜ ਲਵਾਂਗੀ।” ਅਤੇ ਉਹ ਖੁਸ਼ੀ ਨਾਲ ਆਪਣੇ ਸਿੰਘਾਸਨ ‘ਤੇ ਜਾ ਬੈਠੀ।

ਪਰ ਉਸ ਸਵੇਰੇ ਵੀ ਅੰਬੇ ਅਤੇ ਰੰਬੇ ਇੱਕ-ਦੂਜੇ ਨੂੰ ਆਵਾਜ਼ਾਂ ਮਾਰਦੇ ਰਹੇ। ਸ਼ਾਮ ਨੂੰ ਵੀ ਇਹੀ ਹੋਇਆ।

ਫਿਰ ਇੱਕ ਹੋਰ ਉਨੀਂਦਰੀ ਰਾਤ! ਬਿੱਲੀ ਗੁੱਸੇ ਨਾਲ ਚੀਖੀ, “ਇਹ ਮੈਨੂੰ ਚਲਾਕੀ ਨਾਲ ਹਰਾਉਣਗੇ? ਮੈਂ ਦਿਖਾਵਾਂਗੀ!”




ਉਸ ਰਾਤ ਅੰਬੇ ਅਤੇ ਰੰਬੇ ਨੇ ਸਾਰੇ ਚੂਹਿਆਂ ਨੂੰ ਚੇਤਾਵਨੀ ਦਿੱਤੀ, “ਜੇ ਬਿੱਲੀ ਦੀਆਂ ਅੱਖਾਂ ਵਿੱਚ ਕੋਈ ਵੀ ਤਬਦੀਲੀ ਵੇਖੋ, ਤਾਂ ਤੁਰੰਤ ਤੇਜ਼ੀ ਨਾਲ ਭੱਜ ਜਾਣਾ।”

ਅਗਲੇ ਦਿਨ, ਜਦੋਂ ਅੰਬੇ ਨੇ ਚੀਕ ਕੇ ਕਿਹਾ, "ਰੰਬੇ, ਤੂੰ ਕਿੱਥੇ ਹੈਂ?" ਤਾਂ ਬਿੱਲੀ ਝਪਟ ਪਈ।

ਪਰ ਕੀ ਚੂਹੇ ਤਿਆਰ ਨਹੀਂ ਸਨ? ਬਿਲਕੁਲ ਸਨ! ਬਿਜਲੀ ਦੀ ਤਰ੍ਹਾਂ ਤੇਜ਼ੀ ਨਾਲ ਉਹ ਸਾਰੇ ਗਾਇਬ ਹੋ ਗਏ!

(ਤਿਬਤ ਦੀ ਇੱਕ ਕਹਾਣੀ)



P. Saraswati   V. Vijayakanthi
L. S. Saraswathi   S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਖਾਲੀ ਗਮਲਾ

ਛੋਟਾ ਪਿੰਗ ਇੱਕ ਬਹੁਤ ਸ਼ੌਂਕੀਨ ਮਾਲੀ ਸੀ। ਉਹ ਜੋ ਕੁਝ ਵੀ ਲਗਾਉਂਦਾ ਸੀ, ਉਹ ਹਰਾ-ਭਰਾ ਤੇ ਖਿੜਿਆ ਹੋਇਆ ਹੁੰਦਾ ਸੀ। ਉਸਦੇ ਫੁੱਲ ਹਮੇਸ਼ਾ ਸੋਹਣੇ ਢੰਗ ਨਾਲ ਖਿੜਦੇ ਸਨ।

ਉਸ ਦੇਸ਼ ਦਾ ਰਾਜਾ ਵੀ ਬਾਗਬਾਨੀ ਦਾ ਸ਼ੌਂਕੀਨ ਸੀ। ਉਸਦੇ ਫੁੱਲਾਂ ਦੇ ਬਾਗ ਉਸਦੀ ਸ਼ਾਨ ਸਨ। ਕਿਸੇ ਵੀ ਹੋਰ ਦੇਸ਼ ਦੀ ਹਵਾ ਇੰਨੀ ਮਿੱਠੀ ਨਹੀਂ ਸੀ!

ਇੱਕ ਦਿਨ ਰਾਜੇ ਨੇ ਆਪਣੇ ਭਰੋਸੇਮੰਦ ਮੰਤਰੀ ਨੂੰ ਕਿਹਾ, "ਹੁਣ ਸਮਾਂ ਆ ਗਿਆ ਹੈ ਕਿ ਮੈਂ ਆਪਣਾ ਉੱਤਰਾਧਿਕਾਰੀ ਚੁਣਾਂ। ਕਿਰਪਾ ਕਰਕੇ ਰਾਜ ਦੇ ਸਾਰੇ ਬੱਚਿਆਂ ਨੂੰ ਮਹਿਲ ਵਿੱਚ ਬੁਲਾਓ।"

ਜਦੋਂ ਸਾਰੇ ਇਕੱਠੇ ਹੋ ਗਏ, ਰਾਜੇ ਨੇ ਪਿਆਰ ਨਾਲ ਕਿਹਾ, "ਪਿਆਰੇ ਬੱਚਿਓ, ਅੱਜ ਮੈਂ ਤੁਹਾਨੂੰ ਹਰ ਇੱਕ ਨੂੰ ਫੁੱਲਾਂ ਦੇ ਬੀਜ ਦੇ ਰਿਹਾ ਹਾਂ। ਜਿਹੜਾ ਬੱਚਾ ਇਨ੍ਹਾਂ ਬੀਜਾਂ ਤੋਂ ਸਭ ਤੋਂ ਸੋਹਣੇ ਫੁੱਲ ਉਗਾਏਗਾ, ਉਹ ਮੇਰਾ ਉੱਤਰਾਧਿਕਾਰੀ ਬਣੇਗਾ ਅਤੇ ਮੇਰੇ ਬਾਅਦ ਰਾਜ ਕਰੇਗਾ।"

ਹਰ ਬੱਚੇ ਨੇ ਖੁਸ਼ੀ ਨਾਲ ਬੀਜ ਲਏ ਅਤੇ ਸਭ ਬਹੁਤ ਉਤਸ਼ਾਹਿਤ ਸਨ।



ਛੋਟਾ ਪਿੰਗ ਜਲਦੀ ਨਾਲ ਘਰ ਗਿਆ ਅਤੇ ਰਾਜੇ ਦੇ ਦਿੱਤੇ ਬੀਜ ਇੱਕ ਗਮਲੇ ਵਿੱਚ ਬੀਜ ਦਿੱਤੇ। ਉਹ ਹਰ ਰੋਜ਼ ਪਾਣੀ ਦੇਂਦਾ ਅਤੇ ਬੇਸਬਰੀ ਨਾਲ ਉਨ੍ਹਾਂ ਦੇ ਪੁੰਗਰਨ ਦੀ ਉਡੀਕ ਕਰਦਾ।

ਇੱਕ ਹਫ਼ਤਾ ਬੀਤ ਗਿਆ, ਪਰ ਕੁਝ ਨਹੀਂ ਨਿਕਲਿਆ! ਪਿੰਗ ਨੇ ਮਿੱਟੀ ਬਦਲੀ ਅਤੇ ਫਿਰ ਉਡੀਕ ਕੀਤੀ। ਉਸਨੇ ਵੱਡਾ ਗਮਲਾ ਲਿਆ ਅਤੇ ਫਿਰ ਬੀਜ ਬੀਜੇ। ਪਰ ਫਿਰ ਵੀ ਕੁਝ ਨਹੀਂ ਉਗਿਆ!

ਨਿਰਧਾਰਤ ਦਿਨ ਰਾਜ ਦੇ ਸਾਰੇ ਗਮਲੇ ਫੁੱਲਾਂ ਨਾਲ ਭਰੇ ਹੋਏ ਸਨ। ਹਵਾ ਵਿੱਚ ਸੁਗੰਧ ਦਾ ਸੁਹਣਾ ਮੇਲ ਫੈਲਿਆ ਹੋਇਆ ਸੀ।

ਪਿੰਗ ਖਿੜਕੀ ਕੋਲ ਬੈਠਾ ਹੋਇਆ ਖੁਸ਼ ਬੱਚਿਆਂ ਦੀ ਭੀੜ ਨੂੰ ਦੇਖ ਰਿਹਾ ਸੀ। ਉਸਦਾ ਦਿਲ ਟੁੱਟ ਰਿਹਾ ਸੀ।

"ਸਾਰੇ ਬੱਚਿਆਂ ਨੇ ਰਾਜੇ ਦੇ ਬੀਜਾਂ ਤੋਂ ਬੂਟੇ ਉਗਾ ਲਏ ਹਨ, ਸਿਰਫ ਮੈਂ ਹੀ ਅਸਫਲ ਰਹਿ ਗਿਆ ਹਾਂ," ਉਸਨੇ ਸੋਚਿਆ। "ਸਾਰੇ ਮੇਰੇ ਖਾਲੀ ਗਮਲੇ ਨੂੰ ਵੇਖ ਕੇ ਮੇਰਾ ਮਜ਼ਾਕ ਉਡਾਉਣਗੇ।" ਉਸਨੇ ਮਹਿਲ ਨਾ ਜਾਣ ਦਾ ਫੈਸਲਾ ਕੀਤਾ।



ਪਰ ਪਿੰਗ ਦੇ ਪਿਤਾ ਨੇ ਉਸਨੂੰ ਹੌਂਸਲਾ ਦਿੱਤਾ। “ਤੂੰ ਆਪਣੀ ਪੂਰੀ ਕੋਸ਼ਿਸ਼ ਕੀਤੀ ਹੈ,” ਉਹ ਕਹਿੰਦੇ ਸਨ। “ਇਹੀ ਸਭ ਤੋਂ ਵੱਡੀ ਗੱਲ ਹੈ!”

ਉਧਰ ਮਹਿਲ ਵਿੱਚ ਰਾਜਾ ਬੱਚਿਆਂ ਦੀਆਂ ਕਤਾਰਾਂ ਵਿਚੋਂ ਲੰਘਦਾ ਹੋਇਆ ਉਨ੍ਹਾਂ ਦੇ ਬੂਟਿਆਂ ਨੂੰ ਦੇਖ ਰਿਹਾ ਸੀ। ਉਹ ਹਰ ਬੱਚੇ ਨੂੰ ਮੁਸਕਰਾ ਕੇ ਦੇਖਦਾ ਸੀ, ਪਰ ਕਿਸੇ ‘ਤੇ ਨਹੀਂ ਰੁਕਿਆ।



ਜਦੋਂ ਪਿੰਗ ਦੌੜਦਾ ਹੋਇਆ ਆਇਆ, ਰਾਜੇ ਨੇ ਉਸਨੂੰ ਬੁਲਾਇਆ ਅਤੇ ਪੁੱਛਿਆ, “ਤੂੰ ਮੇਰੇ ਲਈ ਖਾਲੀ ਗਮਲਾ ਕਿਉਂ ਲਿਆਇਆ ਹੈ?”

ਪਿੰਗ ਰੋਣ ਲੱਗ ਪਿਆ। ਉਸਨੇ ਕਿਹਾ, “ਮੈਂ ਤੁਹਾਡੇ ਦਿੱਤੇ ਬੀਜ ਚੰਗੀ ਮਿੱਟੀ ਵਿੱਚ ਬੀਜੇ। ਮੈਂ ਹਰ ਰੋਜ਼ ਉਨ੍ਹਾਂ ਨੂੰ ਪਾਣੀ ਦਿੱਤਾ। ਪਰ ਉਹ ਪੁੰਗਰੇ ਨਹੀਂ ! ਮੈਂ ਮਿੱਟੀ ਵੀ ਬਦਲੀ, ਗਮਲਾ ਵੀ ਬਦਲਿਆ, ਪਰ ਫਿਰ ਵੀ ਕੁਝ ਨਹੀਂ ਉਗਿਆ।”







ਰਾਜਾ ਬਹੁਤ ਖੁਸ਼ ਹੋਇਆ! ਉਸਨੇ ਪਿੰਗ ਵੱਲ ਖੁਸ਼ੀ ਨਾਲ ਵੇਖਿਆ ਅਤੇ ਫਿਰ ਹੋਰ ਬੱਚਿਆਂ ਵੱਲ ਮੁੜਿਆ। "ਤੁਹਾਡੇ ਫੁੱਲ ਬਹੁਤ ਸੋਹਣੇ ਹਨ," ਉਸਨੇ ਕਿਹਾ, "ਪਰ ਇਹ ਉਹ ਬੀਜਾਂ ਤੋਂ ਨਹੀਂ ਉੱਗੇ ਜੋ ਮੈਂ ਤੁਹਾਨੂੰ ਦਿੱਤੇ ਸਨ। ਉਹ ਬੀਜ ਤਾਂ ਉਬਾਲੇ ਹੋਏ ਸਨ। ਉਹਨਾਂ ਵਿੱਚੋਂ ਕੁਝ ਵੀ ਨਹੀਂ ਉੱਗ ਸਕਦਾ ਸੀ!"

ਫਿਰ ਰਾਜੇ ਨੇ ਪਿੰਗ ਵੱਲ ਮੁੜ ਕੇ ਕਿਹਾ, "ਤੂੰ ਖਾਲੀ ਗਮਲਾ ਲੈ ਕੇ ਮੇਰੇ ਕੋਲ ਆਇਆ—ਮੈਂ ਤੇਰੀ ਸੱਚਾਈ ਦੀ ਕਦਰ ਕਰਦਾ ਹਾਂ!"

ਫਿਰ ਉਸਨੇ ਸਭ ਨੂੰ ਐਲਾਨ ਕੀਤਾ, "ਇਹ ਇਮਾਨਦਾਰ ਪਿੰਗ ਹੀ ਤੁਹਾਡਾ ਅਗਲਾ ਰਾਜਾ ਹੋਵੇਗਾ।"

(ਚੀਨ ਦੀ ਇੱਕ ਕਹਾਣੀ)



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

15

ਦਰਜ਼ੀ ਅਤੇ ਚੰਦਰਮਾ



ਇੱਕ ਵਾਰ ਇੱਕ ਪਿੰਡ ਵਿੱਚ ਇੱਕ ਦਰਜ਼ੀ ਦੀ ਛੋਟੀ ਜਿਹੀ ਦੁਕਾਨ ਸੀ। ਉਹ ਇੱਕ ਸਧਾਰਨ ਆਦਮੀ ਸੀ ਜੋ ਆਪਣੀ ਕਲਾ ਵਿੱਚ ਬਹੁਤ ਮਿਹਨਤ ਕਰਦਾ ਸੀ। ਉਸਦੇ ਬਣਾਏ ਕੱਪੜੇ ਆਪਣੀ ਨਿੱਘ ਅਤੇ ਸੁੰਦਰਤਾ ਲਈ ਜਾਣੇ ਜਾਂਦੇ ਸਨ।ਇੱਕ ਦਿਨ ਦਰਜ਼ੀ ਨੇ ਆਪਣੀ ਦੁਕਾਨ ਜਲਦੀ ਬੰਦ ਕਰ ਦਿੱਤੀ।

ਆਪਣਾ ਕੋਟ ਆਪਣੇ ਆਲੇ-ਦੁਆਲੇ ਲਪੇਟ ਕੇ ਉਹ ਠੰਢੀ ਸ਼ਾਮ ਵਿੱਚ ਘੁੰਮਣ ਨਿਕਲ ਪਿਆ। ਇਕਦਮ ਉਸਦੇ ਕੰਨਾਂ ਵਿੱਚ ਇੱਕ ਨਰਮ ਆਵਾਜ਼ ਪਈ।



"ਮੈਨੂੰ ਬਹੁਤ ਠੰਢ ਲੱਗ ਰਹੀ ਹੈ," ਆਵਾਜ਼ ਨੇ ਕਿਹਾ, "ਅਤੇ ਮੈਨੂੰ ਲੰਬਾ ਸਫ਼ਰ ਕਰਨਾ ਹੈ। ਕੀ ਤੂੰ ਮੇਰੇ ਲਈ ਇੱਕ ਕੋਟ ਸੀ ਦੇਵੇਂਗਾ?"

ਦਰਜ਼ੀ ਨੇ ਚਾਰੋਂ ਪਾਸੇ ਵੇਖਿਆ। ਜਿੱਥੇ ਤੱਕ ਉਸਦੀ ਨਜ਼ਰ ਗਈ, ਰਾਹ ਖਾਲੀ ਸੀ।"ਉੱਪਰ ਵੇਖ," ਆਵਾਜ਼ ਨੇ ਕਿਹਾ।

"ਮੈਂ ਇੱਥੇ ਹਾਂ।" ਇਹ ਹੋਰ ਕੋਈ ਨਹੀਂ, ਚੰਦਰਮਾ ਦਾ ਕ੍ਰਿਸ਼ਨ ਪੱਖ (ਅਰਧ ਚੰਦ) ਸੀ!

ਦਰਜ਼ੀ ਨੇ ਚੰਦ ਵੱਲ ਤੱਕਿਆ। ਉਹ ਅਸਮਾਨ ਵਿੱਚ ਉੱਚਾ ਸੀ ਅਤੇ ਕਾਫ਼ੀ ਛੋਟਾ ਲੱਗ ਰਿਹਾ ਸੀ।

"ਓਹ! ਇਹ ਗਰੀਬੜਾ ਠੰਡ ਤੋਂ ਪਹਿਲਾਂ ਹੀ ਸੜ ਗਿਆ ਹੈ," ਉਸਨੇ ਸੋਚਿਆ। ਇਸ ਲਈ, ਉਹ ਇੱਕ ਵਧੀਆ ਗਰਮ ਕੋਟ ਸਿਲਾਈ ਕਰਨ ਲਈ ਸਹਿਮਤ ਹੋ ਗਿਆ।

ਅਗਲੇ ਦਿਨ ਦਰਜ਼ੀ ਨੇ ਰੇਸ਼ਮ ਦੇ ਕੁਝ ਟੁਕੜੇ ਇਕੱਠੇ ਕੀਤੇ ਅਤੇ ਚੰਦ ਦੇ ਅਕਾਰ ਅਨੁਸਾਰ ਕੱਟੇ। ਤਿੰਨ ਦਿਨਾਂ ਵਿੱਚ ਉਸਨੇ ਕੋਟ ਤਿਆਰ ਕਰ ਲਿਆ। ਇਹ ਚਿੱਟਾ ਅਤੇ ਸਾਦਾ ਸੀ ਪਰ ਅੰਦਰੋਂ ਮੋਟਾ ਅਸਤਰਾ ਲੱਗਾ ਹੋਇਆ ਸੀ।

ਚੰਦ ਬਹੁਤ ਖੁਸ਼ ਹੋਇਆ। ਉਸਨੇ ਕੋਟ ਲਿਆ ਅਤੇ ਪਹਿਨਣ ਦੀ ਕੋਸ਼ਿਸ਼ ਕੀਤੀ, ਪਰ ਕੋਟ ਛੋਟਾ ਨਿਕਲਿਆ!

"ਤੁਸੀਂ ਮੇਰਾ ਮਾਪ ਨਹੀਂ ਲਿਆ," ਚੰਦਨੇ ਝਿੜਕਿਆ। "ਇਸੇ ਕਰਕੇ ਇਹ ਕੋਟ ਬਹੁਤ ਛੋਟਾ ਹੈ।"


ਇੱਕ ਬਾਜ਼ ਨੇ ਮਦਦ ਕਰਨ ਦੀ ਪੇਸ਼ਕਸ਼ ਕੀਤੀ। "ਦਰਜ਼ੀ ਜੀ! ਮੈਨੂੰ ਆਪਣੀ ਮਾਪਣ ਵਾਲੀ ਟੇਪ ਦਿਓ, ," ਉਸਨੇ ਕਿਹਾ। "ਮੈਂ ਚੰਦ ਨੂੰ ਮਾਪਾਂਗਾ!"ਬਾਜ਼ ਚੰਦ ਦੇ ਦੁਆਲੇ ਉੱਡਿਆ।

ਬਾਜ਼ ਚੰਦ ਦੇ ਚੱਕਰ ਲਗਾ ਕੇ ਉੱਡਿਆ। ਫਿਰ ਵਾਪਸ ਆ ਕੇ ਉਸਨੇ ਦਰਜ਼ੀ ਨੂੰ ਮਾਪ ਦੱਸ ਦਿੱਤੇ। ਦਰਜ਼ੀ ਨੇ ਨਵਾਂ ਤੇ ਢੰਗ ਨਾਲ ਫਿੱਟ ਆਉਣ ਵਾਲਾ ਕੋਟ ਬਣਾਉਣ ਦਾ ਵਾਅਦਾ ਕੀਤਾ।

ਤਿਉਹਾਰਾਂ ਦਾ ਸਮਾਂ ਸੀ, ਇਸ ਲਈ ਦਰਜ਼ੀ ਬਹੁਤ ਰੁੱਝਿਆ ਹੋਇਆ ਸੀ। ਉਸਨੂੰ ਕੋਟ ਤਿਆਰ ਕਰਨ ਵਿੱਚ ਪੂਰਾ ਇੱਕ ਹਫ਼ਤਾ ਲੱਗ ਗਿਆ। ਉਸਨੇ ਬਰੀਕ ਕਾਤੀ ਹੋਈ ਨਰਮ ਉੱਨ ਨਾਲ ਕੋਟ ਸੀ ਲਿਆ। ਫਿਰ ਉਸਨੇ ਕਾਲਰ ਤੇ ਬਾਂਹਾਂ 'ਤੇ ਚਾਂਦੀ ਦੇ ਧਾਗੇ ਨਾਲ ਸੁੰਦਰ ਕਢਾਈ ਕੀਤੀ। ਕੋਟ ਬਹੁਤ ਹੀ ਸੋਹਣਾ ਬਣਿਆ!



ਚੰਦ ਨੇ ਨਾਜ਼ੁਕ ਕਢਾਈ ਵੇਖ ਕੇ ਕਿਹਾ, "ਸ਼ਾਬਾਸ਼ ਦਰਜ਼ੀ!" ਪਰ ਉਹ ਕੋਟ ਉਸਨੂੰ ਫਿੱਟ ਨਹੀਂ ਆਇਆ!




ਹੁਣ ਦਰਜ਼ੀ ਦੀ ਵਾਰੀ ਸੀ ਗੁੱਸੇ ਹੋਣ ਦੀ। "ਵੇਖ, ਤੂੰ ਕਿੰਨਾ ਮੋਟਾ ਹੋ ਗਿਆ ਹੈਂ!" ਉਸਨੇ ਕਿਹਾ। "ਇਹ ਕੋਟ ਤੈਨੂੰ ਕਦੇ ਵੀ ਠੀਕ ਨਹੀਂ ਆਵੇਗਾ!"

"ਕਿਰਪਾ ਕਰ," ਚੰਦ ਨੇ ਕਿਹਾ, "ਇੱਕ ਹੋਰ ਬਣਾ ਦੇ। ਮੈਂ ਵਾਅਦਾ ਕਰਦਾ ਹਾਂ, ਇਹ ਆਖ਼ਰੀ ਹੋਵੇਗਾ।"

ਦਰਜ਼ੀ ਨੇ ਮਨ ਲਿਆ। "ਠੀਕ ਹੈ, ਇਹ ਆਖ਼ਰੀ ਹੋਵੇਗਾ!" ਉਹ ਕਹਿੰਦਾ ਹੋਇਆ ਚਲਾ ਗਿਆ, "ਉਮੀਦ ਹੈ ਤੂੰ ਹੋਰ ਮੋਟਾ ਨਹੀਂ ਹੋਵੇਂਗਾ।"



ਇਸ ਵਾਰੀ ਉਸਨੇ ਕੱਪੜਿਆਂ ਦੇ ਟੁਕੜੇ ਇਕੱਠੇ ਕੀਤੇ ਅਤੇ ਇੱਕ ਬਹੁਤ ਵੱਡਾ ਕੋਟ ਸੀ ਲਿਆ। ਇਹ ਲਗਭਗ ਪੂਰੀ ਤਰ੍ਹਾਂ ਗੋਲ ਸੀ, ਜਿਸ 'ਤੇ ਚਿੱਟੇ ਧਾਗੇ ਦੀਆਂ ਲਹਿਰਾਂ ਸੋਹਣੀਆਂ ਲੱਗ ਰਹੀਆਂ ਸਨ। ਚਾਂਦੀ ਦੇ ਬਕਲਾਂ ਨਾਲ ਇਹ ਬੰਦ ਹੁੰਦਾ ਸੀ। ਕੋਟ ਬੜਾ ਹੀ ਸ਼ਾਨਦਾਰ ਸੀ!



ਦਰਜ਼ੀ ਨੇ ਇਹ ਚੰਦ ਨੂੰ ਦੇ ਦਿੱਤਾ। ਪਰ ਕੀ ਚੰਦ ਗੋਲ ਸੀ?

"ਇਹਨਾ ਵੱਡਾ ਕੋਟ ਮੈਨੂੰ ਠੰਢ ਤੋਂ ਕਿਵੇਂ ਬਚਾਏਗਾ?" ਉਸਨੇ ਵਧੀਆ ਡਿਜ਼ਾਈਨ ਵੱਲ ਕੋਈ ਧਿਆਨ ਨਾ ਦਿੱਤਾ। ਕੋਟ ਇਸਦੇ ਆਲੇ-ਦੁਆਲੇ ਢਿੱਲਾ ਜਿਹਾ ਲਟਕਿਆ ਹੋਇਆ ਸੀ।



"ਮੈਨੂੰ ਤਾਂ ਕੁਝ ਵੀ ਸਮਝ ਨਹੀਂ ਆਉਂਦੀ!" ਦਰਜ਼ੀ ਗੁੱਸੇ ਨਾਲ ਬੋਲਿਆ।

ਉਸ ਦਿਨ ਤੋਂ ਸੁੰਦਰ ਪੂਰਨਮਾਸ਼ੀ ਦਾ ਚੰਦ, ਜੋ ਸਾਡੇ ਦਿਲ ਖੁਸ਼ ਕਰਦਾ ਹੈ, ਦਰਜ਼ੀ ਨੂੰ ਕੋਈ ਖੁਸ਼ੀ ਨਹੀਂ ਦਿੰਦਾ।

"ਮੈਂ ਕਦੇ ਵੀ ਉਸ ਬਦਲਦੇ ਚੰਦ ਵਰਗਾ ਗਾਹਕ ਨਾ ਵੇਖਾਂ!" ਉਹ ਆਪਣੇ ਆਪ ਨੂੰ ਕਹਿੰਦਾ ਰਹਿੰਦਾ ਹੈ।

(ਨਿਰੂਪਮਾ ਰਾਘਵਨ ਦੀ ਕਹਾਣੀ 'ਤੇ ਆਧਾਰਿਤ)

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy


ਜਾਦੂਈ ਅੰਬ

ਬਹੁਤ ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਜੰਗਲ ਵਿੱਚ ਇੱਕ ਲੰਮਾ ਅੰਬ ਦਾ ਰੁੱਖ ਸੀ। ਇੱਕ ਦਿਨ ਤਿੱਖੀ ਹਵਾ ਵੱਗੀ ਅਤੇ ਰੁੱਖ ਹਿੱਲ ਗਿਆ। ਇੱਕ ਪੱਕਾ ਅੰਬ ਧਰਤੀ 'ਤੇ ਡਿੱਗ ਪਿਆ। ਇਹ ਕੋਈ ਆਮ ਅੰਬ ਨਹੀਂ ਸੀ—ਇਹ ਜਾਦੂਈ ਅੰਬ ਸੀ!

ਜਾਦੂਈ ਅੰਬ ਬਹੁਤ ਖੁਸ਼ ਹੋਇਆ। ਹੁਣ ਉਹ ਖੁੱਲ੍ਹੇ ਤੌਰ 'ਤੇ ਘੁੰਮ ਸਕਦਾ ਸੀ ਅਤੇ ਦੁਨੀਆ ਵੇਖ ਸਕਦਾ ਸੀ।

ਉਹ ਲੁੜਕਦਾ ਹੋਇਆ ਜੰਗਲ ਤੋਂ ਬਾਹਰ ਨਿਕਲ ਕੇ ਖੇਤ ਵਿੱਚ ਆ ਗਿਆ। ਉਹ ਲੁੜਕਦਾ ਹੀ ਰਿਹਾ, ਜਦੋਂ ਤੱਕ ਉਹ ਇੱਕ ਬੱਕਰੀ ਨੂੰ ਨਾ ਮਿਲਿਆ।

ਬੱਕਰੀ ਆਲਸ ਨਾਲ ਘਾਹ ਚੁੱਗ ਰਹੀ ਸੀ। ਪਰ ਜਦੋਂ ਉਸਨੇ ਜਾਦੂਈ ਅੰਬ ਵੇਖਿਆ, ਉਹ ਚੀਖੀ, "ਰੁੱਕ! ਮੈਂ ਤੈਨੂੰ ਖਾਣਾ ਚਾਹੁੰਦੀ ਹਾਂ!"



ਪਰ ਜਾਦੂਈ ਅੰਬ ਹੱਸਿਆ। ਉਹ ਗਾਣ ਲੱਗ ਪਿਆ—

ਮੈਂ ਹਾਂ ਜਾਦੂਈ ਅੰਬ,
ਕੋਈ ਮੈਨੂੰ ਫੜ ਨਹੀਂ ਸਕਦਾ।
ਮੈਂ ਲੁੜਕਦਾ, ਮੈਂ ਘੁੰਮਦਾ,
ਹਵਾ ਤੋਂ ਵੀ ਤੇਜ਼ ਦੌੜਦਾ!
ਵੇਖੋ ਮੈਨੂੰ—ਮੈਂ ਆਜ਼ਾਦ ਹਾਂ!



ਜਾਦੂਈ ਅੰਬ ਹੋਰ ਤੇਜ਼ ਲੁੜਕਣ ਲੱਗ ਪਿਆ। ਬੱਕਰੀ ਉਸਦੇ ਪਿੱਛੇ ਦੌੜੀ।

ਇੱਕ ਪਿੰਡ ਦਾ ਮੁੰਡਾ ਪਤੰਗ ਉਡਾ ਰਿਹਾ ਸੀ। ਉਸਨੇ ਅੰਬ ਨੂੰ ਲੁੜਕਦਾ ਦੇਖਿਆ। ਉਹ ਚੀਖਿਆ, “ਰੁੱਕ! ਮੈਂ ਤੈਨੂੰ ਖਾਣਾ ਚਾਹੁੰਦਾ ਹਾਂ!”

ਅੰਬ ਫਿਰ ਹੱਸਿਆ ਅਤੇ ਗਾਇਆ—


ਮੈਂ ਹਾਂ ਜਾਦੂਈ ਅੰਬ,
ਕੋਈ ਮੈਨੂੰ ਫੜ ਨਹੀਂ ਸਕਦਾ।
ਮੈਂ ਲੁੜਕਦਾ, ਮੈਂ ਘੁੰਮਦਾ,
ਹਵਾ ਤੋਂ ਵੀ ਤੇਜ਼ ਦੌੜਦਾ!
ਵੇਖੋ ਮੈਨੂੰ—ਮੈਂ ਆਜ਼ਾਦ ਹਾਂ!

ਅੰਬ ਤੇਜ਼ੀ ਨਾਲ ਅੱਗੇ ਨਿਕਲ ਗਿਆ।



ਬੱਕਰੀ ਅਤੇ ਮੁੰਡਾ ਉਸਦੇ ਪਿੱਛੇ ਦੌੜੇ। ਕੁਝ ਕੁੜੀਆਂ ਬਾਗ ਵਿੱਚ ਖੇਡ ਰਹੀਆਂ ਸਨ। ਉਹਨਾਂ ਨੇ ਅੰਬ ਵੇਖਿਆ ਅਤੇ ਕਿਹਾ, "ਰੁੱਕ! ਅਸੀਂ ਤੈਨੂੰ ਖਾਣਾ ਚਾਹੁੰਦੀਆਂ ਹਾਂ!" ਉਹ ਵੀ ਉਸਦੇ ਪਿੱਛੇ ਦੌੜ ਪਈਆਂ।

ਜਾਦੂਈ ਅੰਬ ਹੋਰ ਵੀ ਤੇਜ਼ ਹੋ ਗਿਆ। ਹੁਣ ਉਹ ਬੱਚਿਆਂ ਤੋਂ ਕਾਫ਼ੀ ਅੱਗੇ ਸੀ। ਬੱਕਰੀ ਵੀ ਉਸਦੇ ਨਾਲ ਨਹੀਂ ਚੱਲ ਸਕੀ!



ਅੰਬ ਫਿਰ ਗਾਉਣ ਲੱਗ ਪਿਆ—

ਮੈਂ ਹਾਂ ਜਾਦੂਈ ਅੰਬ,
ਕੋਈ ਮੈਨੂੰ ਫੜ ਨਹੀਂ ਸਕਦਾ।
ਮੈਂ ਲੁੜਕਦਾ, ਮੈਂ ਘੁੰਮਦਾ,
ਹਵਾ ਤੋਂ ਵੀ ਤੇਜ਼ ਦੌੜਦਾ!
ਵੇਖੋ ਮੈਨੂੰ—ਮੈਂ ਆਜ਼ਾਦ ਹਾਂ!

ਉਹ ਲੁੜਕਦਾ ਹੀ ਗਿਆ। ਬੱਕਰੀ, ਮੁੰਡਾ ਅਤੇ ਕੁੜੀਆਂ ਉਸਦੇ ਪਿੱਛੇ ਆਉਂਦੀਆਂ ਰਹੀਆਂ, ਪਰ ਅੰਬ ਬਹੁਤ ਤੇਜ਼ ਸੀ। ਜਲਦੀ ਹੀ ਉਹ ਸਭ ਨੂੰ ਪਿੱਛੇ ਛੱਡ ਗਿਆ। ਜਾਦੂਈ ਅੰਬ ਖੇਤਾਂ, ਬਾਗਾਂ, ਫਲਦਾਰ ਬਾਗਾਂ ਅਤੇ ਛਾਂ ਵਾਲੀਆਂ ਥਾਵਾਂ ਵਿੱਚੋਂ ਲੰਘਦਾ ਹੋਇਆ ਲੁੜਕਦਾ ਰਿਹਾ।

ਅਚਾਨਕ ਉਹ ਬਹੁਤ ਥੱਕ ਗਿਆ। ਉਹ ਲੰਮੇ ਘਾਹ ਵਿੱਚ ਲੁਕ ਗਿਆ ਅਤੇ ਡੂੰਘੀ ਨੀਂਦ ਵਿੱਚ ਸੋ ਗਿਆ।

ਉਹ ਕਾਫ਼ੀ ਸਮੇਂ ਤੱਕ ਸੁੱਤਾ ਰਿਹਾ—ਕਈ ਮਹੀਨੇ! ਇੱਕ ਦਿਨ ਉਹ ਜਾਗਿਆ, ਜਦੋਂ ਸੂਰਜ ਦੀਆਂ ਕਿਰਨਾਂ ਉਸ 'ਤੇ ਪਈਆਂ।

ਉਸਨੂੰ ਮਹਿਸੂਸ ਹੋਇਆ ਕਿ ਉਹ ਬਦਲ ਰਿਹਾ ਹੈ... ਉਹ ਪੁੰਗਰ ਰਿਹਾ ਹੈ...

ਹਾਂ! ਜਾਦੂਈ ਅੰਬ ਹੁਣ ਇੱਕ ਰੁੱਖ ਬਣ ਰਿਹਾ ਸੀ।

(ਪਾਪੁਆ ਨਿਊ ਗਿਨੀ ਦੀ ਇੱਕ ਕਹਾਣੀ)



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਗੌਰੀਏ ਦਾ ਤੋਹਫ਼ਾ



ਤਸੇ-ਰਿੰਗ ਅਤੇ ਚਾਮ-ਬਾ ਗੁਆਂਢੀ ਸਨ, ਪਰ ਉਹ ਬਿਲਕੁਲ ਇੱਕੋ ਜਿਹੇ ਨਹੀਂ ਸਨ। ਤਸੇ-ਰਿੰਗ ਕਠੋਰ ਦਿਲ ਵਾਲਾ ਅਤੇ ਹੋਰਾਂ ਨਾਲ ਈਰਖਾ ਕਰਨ ਵਾਲਾ ਸੀ। ਚਾਮ-ਬਾ ਦਇਆਲੂ ਸੀ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਸੀ।

ਇੱਕ ਦਿਨ ਚਾਮ-ਬਾ ਨੇ ਆਪਣੇ ਘਰ ਦੇ ਨੇੜੇ ਇੱਕ ਛੋਟੀ ਗੌਰੀਏ ਨੂੰ ਰੁੱਖ ਤੋਂ ਡਿੱਗਦਾ ਵੇਖਿਆ। ਉਹ ਤੁਰੰਤ ਉੱਥੇ ਗਿਆ ਅਤੇ ਉਸਨੂੰ ਚੁੱਕ ਲਿਆ। ਬੇਚਾਰੀ ਗੌਰੀਏ! ਉਸਦੀ ਲੱਤ ਟੁੱਟੀ ਹੋਈ ਸੀ! ਚਾਮ-ਬਾ ਨੇ ਧਿਆਨ ਨਾਲ ਜੜੀਆਂ-ਬੂਟੀਆਂ ਦਾ ਲੇਪ ਲਾਇਆ ਅਤੇ ਲੱਤ 'ਤੇ ਪੱਟੀ ਬੰਨ੍ਹ ਦਿੱਤੀ। ਫਿਰ ਉਸਨੇ ਉਸਨੂੰ ਮੁੜ ਆਲ੍ਹਣੇ ਵਿੱਚ ਰੱਖ ਦਿੱਤਾ।


ਜਦੋਂ ਉਹ ਉੱਡਣ ਜੋਗੀ ਹੋ ਗਈ, ਗੌਰੀਏ ਆ ਕੇ ਚਾਮ-ਬਾ ਦੇ ਮੋਢੇ 'ਤੇ ਬੈਠ ਗਈ। ਉਸਦੀ ਚੁੰਝ ਵਿੱਚ ਬੀਜ ਸਨ। "ਤੂੰ ਮੇਰੀ ਜ਼ਿੰਦਗੀ ਬਚਾਈ ਹੈ," ਉਸਨੇ ਕਿਹਾ ਅਤੇ ਬੀਜ ਚਾਮ-ਬਾ ਦੇ ਹੱਥ ਵਿੱਚ ਸੁੱਟ ਦਿੱਤੇ। "ਇਹ ਬੀਜ ਬੀਜ ਦੇ ਅਤੇ ਵੇਖ ਕਿ ਕੀ ਨਿਕਲਦਾ ਹੈ!" ਫਿਰ ਉਹ ਉੱਡ ਗਈ।

ਚਾਮ-ਬਾ ਨੇ ਬੀਜ ਬੀਜ ਦਿੱਤੇ। ਜਲਦੀ ਹੀ ਉਸਦੇ ਕੋਲ ਮੱਕੀ ਦੀ ਵਧੀਆ ਫ਼ਸਲ ਹੋ ਗਈ। ਪੌਦੇ ਲੰਮੇ ਅਤੇ ਸੁਨਹਿਰੇ ਹੋ ਗਏ। ਇੱਕ ਦਿਨ ਉਹ ਬਾਗ ਵਿੱਚ ਗਿਆ ਅਤੇ ਉਸਨੇ ਹੈਰਾਨ ਕਰ ਦੇਣ ਵਾਲਾ ਦ੍ਰਿਸ਼ ਦੇਖਿਆ!

ਪੱਕਣ ਵਾਲੇ ਦਾਣਿਆਂ ਦੀ ਥਾਂ ਕੀਮਤੀ ਪੱਥਰ ਚਮਕ ਰਹੇ ਸਨ। ਇਹ ਤਾਂ ਇਕ ਕਰਾਮਾਤ ਸੀ! ਚਾਮ-ਬਾ ਨੇ ਉਹ ਰਤਨ ਤੋੜ ਕੇ ਬਾਜ਼ਾਰ ਵਿੱਚ ਵੇਚੇ ਅਤੇ ਉਹ ਅਮੀਰ ਹੋ ਕੇ ਘਰ ਵਾਪਸ ਆ ਗਿਆ।

ਹੁਣ ਚਾਮ-ਬਾ ਨੇ ਆਪਣੇ ਪਰਿਵਾਰ ਲਈ ਵੱਡਾ ਘਰ ਬਣਾਇਆ ਅਤੇ ਗਰੀਬਾਂ ਦੀ ਸੇਵਾ ਵਿੱਚ ਲੱਗ ਗਿਆ। ਉਹ ਬਹੁਤ ਖੁਸ਼ ਸੀ।

ਇਸ ਦੌਰਾਨ ਤਸੇ-ਰਿੰਗ ਚਾਮ-ਬਾ ਦੀ ਜ਼ਿੰਦਗੀ ਵਿੱਚ ਆਏ ਬਦਲਾਅ ਨੂੰ ਵੇਖ ਰਿਹਾ ਸੀ। “ਇਹ ਇੰਨਾ ਅਮੀਰ ਕਿਵੇਂ ਬਣ ਗਿਆ?” ਉਹ ਸੋਚਦਾ ਰਿਹਾ। ਉਹ ਜਾਣਨ ਲਈ ਚਾਮ-ਬਾ ਕੋਲ ਗਿਆ। ਚਾਮ-ਬਾ ਨੇ ਖੁਸ਼ੀ ਨਾਲ ਉਸਨੂੰ ਸਾਰੀ ਗੱਲ ਦੱਸੀ—ਗੌਰੀਏ ਦੇ ਡਿੱਗਣ ਤੋਂ ਲੈ ਕੇ ਉਸਦੀ ਲੱਤ ਟੁੱਟਣ ਤੱਕ।





ਫਿਰ ਉਸਨੇ ਬੀਜਾਂ ਵਾਲੇ ਤੋਹਫ਼ੇ ਬਾਰੇ ਵੀ ਦੱਸਿਆ। ਉਸਨੇ ਸਾਰੀ ਕਹਾਣੀ ਬਿਨਾਂ ਕੁਝ ਲੁਕਾਏ ਸੁਣਾ ਦਿੱਤੀ।

ਤਸੇ-ਰਿੰਗ ਘਰ ਵਾਪਸ ਗਿਆ ਤੇ ਸੋਚਣ ਲੱਗਾ, “ਮੈਂ ਵੀ ਚਾਮ-ਬਾ ਵਾਂਗ ਅਮੀਰ ਕਿਉਂ ਨਾ ਬਣਾਂ?” ਉਸਨੇ ਆਪਣੇ ਲਈ ਵੀ ਰਤਨ ਹਾਸਲ ਕਰਨ ਦਾ ਫ਼ੈਸਲਾ ਕੀਤਾ।

ਤਸੇ-ਰਿੰਗ ਦਰੱਖਤਾਂ ਵਿੱਚ ਦੇਖਦਾ ਰਿਹਾ ਜਦੋਂ ਤੱਕ ਉਸਨੂੰ ਇੱਕ ਚਿੜੀ ਦਾ ਆਲ੍ਹਣਾ ਨਹੀਂ ਮਿਲਿਆ। ਉਸਨੇ ਆਲ੍ਹਣੇ ਨੂੰ ਠੋਕਰ ਮਾਰੀ ਅਤੇ ਹਿਲਾਇਆ ਜਦੋਂ ਤੱਕ ਇੱਕ ਚਿੜੀ ਦਾ ਬੱਚਾ ਬਾਹਰ ਨਹੀਂ ਡਿੱਗ ਪਿਆ। ਉਸਨੇ ਚਿੜੀ ਨੂੰ ਚੁੱਕਿਆ, ਉਸਦੀ ਟੁੱਟੀ ਹੋਈ ਲੱਤ 'ਤੇ ਕੁਝ ਪੇਸਟ ਮਲਿਆ, ਅਤੇ ਪੱਟੀ ਕੀਤੀ। ਫਿਰ ਉਸਨੇ ਪੰਛੀ ਨੂੰ ਵਾਪਸ ਆਲ੍ਹਣੇ ਵਿੱਚ ਪਾ ਦਿੱਤਾ।


ਕੁਝ ਸਮੇਂ ਬਾਅਦ ਗੌਰੀਏ ਆਈ ਅਤੇ ਉਸਦੇ ਹੱਥ ਵਿੱਚ ਕੁਝ ਬੀਜ ਸੁੱਟ ਕੇ ਕਹਿੰਦੀ ਹੈ, “ਇਹ ਬੀਜ ਬੀਜ ਦੇ ਅਤੇ ਵੇਖ ਕਿ ਕੀ ਨਿਕਲਦਾ ਹੈ!”

ਤਸੇ-ਰਿੰਗ ਨੇ ਬੀਜ ਬੀਜ ਦਿੱਤੇ। ਜਲਦੀ ਹੀ ਉਸਦੇ ਕੋਲ ਵੀ ਮੱਕੀ ਦੀ ਫ਼ਸਲ ਹੋ ਗਈ। ਉਹ ਹਰ ਰੋਜ਼ ਰਤਨਾਂ ਦੀ ਉਡੀਕ ਕਰਦਾ ਰਿਹਾ।

ਇੱਕ ਦਿਨ ਉਹ ਖੇਤ ਵਿੱਚ ਗਿਆ ਅਤੇ ਡਰਾਉਣਾ ਦ੍ਰਿਸ਼ ਵੇਖ ਕੇ ਹੱਕਾ-ਬੱਕਾ ਰਹਿ ਗਿਆ! ਮੱਕੀ ਦੀ ਥਾਂ ਇੱਕ ਡਰਾਉਣਾ ਰਾਕਸ਼ ਖੜਾ ਸੀ, ਜੋ ਉਸਨੂੰ ਘੂਰ ਰਿਹਾ ਸੀ। ਉਸਦੇ ਹੱਥ ਵਿੱਚ ਇੱਕ ਵੱਡੀ ਤਲਵਾਰ ਸੀ!

ਤਸੇ-ਰਿੰਗ ਡਰ ਕੇ ਜਿੰਨਾ ਤੇਜ਼ ਦੌੜ ਸਕਦਾ ਸੀ, ਘਰ ਵੱਲ ਭੱਜਿਆ। ਰਾਕਸ਼ ਉਸਦੇ ਪਿੱਛੇ ਆ ਗਿਆ। ਉਸਨੇ ਤਸੇ-ਰਿੰਗ ਦੇ ਸਾਰੇ ਗਹਿਣੇ ਅਤੇ ਪੈਸੇ ਲੈ ਲਏ ਅਤੇ ਫਿਰ ਅਚਾਨਕ ਗਾਇਬ ਹੋ ਗਿਆ!


(ਤਿਬਤ ਦੀ ਇੱਕ ਲੋਕ ਕਹਾਣੀ)



P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

18 ਫਰਜ਼ਨਿਸ਼ਠ ਡੂਫ਼ੀ



ਡੂਫ਼ੀ ਅਕਸਰ ਆਪਣੀ ਮਾਸੀ ਕੋਲ ਜਾਂਦਾ ਸੀ। ਉਹ ਉਸ ਨਾਲ ਬਹੁਤ ਪਿਆਰ ਕਰਦੀ ਸੀ ਅਤੇ ਉਸਨੂੰ ਖੇਡਣ ਦਿੰਦੀ ਸੀ ਅਤੇ ਆਪ ਘਰ ਦਾ ਕੰਮ ਕਰਦੀ ਸੀ। ਜਦੋਂ ਵੀ ਉਹ ਵਾਪਸ ਆਉਂਦਾ, ਉਹ ਉਸਦੇ ਲਈ ਕੁਝ ਨਾ ਕੁਝ ਖਾਣ ਵਾਲੀ ਚੀਜ਼ ਬੰਨ੍ਹ ਕੇ ਦੇ ਦਿੰਦੀ ਸੀ।



ਇੱਕ ਦਿਨ ਡੂਫ਼ੀ ਦੀ ਮਾਸੀ ਨੇ ਉਸਨੂੰ ਇੱਕ ਵੱਡਾ ਚਾਕਲੇਟ ਕੇਕ ਦਿੱਤਾ। ਉਸਨੇ ਕਿਹਾ ਕਿ ਇਸਨੂੰ ਮਜ਼ਬੂਤੀ ਨਾਲ ਫੜ ਕੇ ਰੱਖਣਾ ਅਤੇ ਡਿੱਗਣ ਨਾ ਦੇਣਾ। ਡੂਫ਼ੀ ਕੇਕ ਨੂੰ ਦੋਨਾਂ ਹੱਥਾਂ ਵਿੱਚ ਜ਼ੋਰ ਨਾਲ ਫੜ ਕੇ ਘਰ ਵੱਲ ਚਲਿਆ। ਹਾਏ! ਜਦੋਂ ਉਹ ਘਰ ਪਹੁੰਚਿਆ, ਕੇਕ ਚੂਰ-ਚੂਰ ਹੋ ਗਿਆ ਸੀ।

"ਕੀ ਇਸ ਤਰ੍ਹਾਂ ਕੇਕ ਲਿਆਉਂਦੇ ਹਨ, ਡੂਫ਼ੀ?" ਉਸਦੀ ਮਾਂ ਨੇ ਨਾਰਾਜ਼ ਹੋ ਕੇ ਕਿਹਾ। "ਤੈਨੂੰ ਇਹ ਪੱਤਿਆਂ ਵਿੱਚ ਲਪੇਟ ਕੇ ਆਪਣੀ ਟੋਪੀ ਹੇਠਾਂ ਰੱਖਣਾ ਚਾਹੀਦਾ ਸੀ।"

ਇੱਕ ਹਫ਼ਤੇ ਬਾਅਦ ਮਾਸੀ ਨੇ ਉਸਨੂੰ ਮੱਖਣ ਦਾ ਵੱਡਾ ਟੁੱਕੜਾ ਦਿੱਤਾ। ਡੂਫ਼ੀ ਨੇ ਇਸਨੂੰ ਧਿਆਨ ਨਾਲ ਪੱਤਿਆਂ ਵਿੱਚ ਲਪੇਟਿਆ ਅਤੇ ਆਪਣੀ ਟੋਪੀ ਹੇਠਾਂ ਰੱਖ ਲਿਆ। ਫਿਰ ਉਹ ਤੁਰ ਪਿਆ।



ਹਾਏ! ਉਹ ਦਿਨ ਬਹੁਤ ਗਰਮ ਸੀ! ਜਦੋਂ ਡੂਫ਼ੀ ਘਰ ਪਹੁੰਚਿਆ, ਉਸਦਾ ਮੂੰਹ ਮੱਖਣ ਨਾਲ ਭਰਿਆ ਹੋਇਆ ਸੀ। ਮੱਖਣ ਉਸਦੀ ਕਮੀਜ਼ 'ਤੇ ਵੀ ਟਪਕ ਰਿਹਾ ਸੀ—ਟਪਕ, ਟਪਕ, ਟਪਕ! ਕਿੰਨਾ ਗੰਦ ਪੈ ਗਿਆ ਸੀ!

ਡੂਫ਼ੀ ਦੀ ਮਾਂ ਇਹ ਦੇਖ ਕੇ ਹੈਰਾਨ ਰਹਿ ਗਈ। "ਹਾਏ ਰੱਬਾ, ਡੂਫ਼ੀ!" ਉਹ ਬੋਲੀ। "ਇਸ ਤਰ੍ਹਾਂ ਮੱਖਣ ਨਹੀਂ ਲਿਆਉਂਦੇ! ਤੈਨੂੰ ਇਸਨੂੰ ਪਹਿਲਾਂ ਠੰਢੇ ਪਾਣੀ ਵਿੱਚ ਰੱਖਣਾ ਚਾਹੀਦਾ ਸੀ।"


ਅਗਲੇ ਹਫ਼ਤੇ ਮਾਸੀ ਨੇ ਉਸਨੂੰ ਇੱਕ ਸੋਹਣਾ ਛੋਟਾ ਕੁੱਤਾ ਦਿੱਤਾ। ਡੂਫ਼ੀ ਨੇ ਉਸਨੂੰ ਠੰਢੇ ਪਾਣੀ ਵਾਲੇ ਬਰਤਨ ਵਿੱਚ ਰੱਖ ਦਿੱਤਾ। ਉਹ ਸਾਰੇ ਰਸਤੇ ਕੰਬਦਾ ਅਤੇ ਚੀਕਦਾ ਰਿਹਾ!

"ਤੂੰ ਕੀ ਕਰ ਦਿੱਤਾ?" ਉਸਦੀ ਮਾਂ ਨੇ ਪੁੱਛਿਆ। "ਬੇਚਾਰਾ ਕੁੱਤਾ ਠੰਢ ਨਾਲ ਕੰਬ ਰਿਹਾ ਹੈ! ਤੈਨੂੰ ਇਸਦੇ ਗਲੇ ਵਿੱਚ ਰੱਸੀ ਬੰਨ੍ਹ ਕੇ ਨਾਲ ਲੈ ਕੇ ਆਉਣਾ ਚਾਹੀਦਾ ਸੀ।"

ਅਗਲੀ ਵਾਰ ਜਦੋਂ ਉਹ ਮਾਸੀ ਕੋਲੋਂ ਵਾਪਸ ਆ ਰਿਹਾ ਸੀ, ਉਸਨੇ ਉਸਦੇ ਲਈ ਤਾਜ਼ਾ ਸੇਕਿਆ ਹੋਇਆ ਰੋਟੀ ਦਾ ਇੱਕ ਟੁੱਕੜਾ ਬੰਨ੍ਹ ਕੇ ਦਿੱਤਾ। ਡੂਫ਼ੀ ਨੇ ਸੋਚਿਆ, "ਮੈਂ ਇਸਨੂੰ ਕਿਵੇਂ ਲੈ ਕੇ ਜਾਵਾਂ? ਹਾਂ, ਰੱਸੀ!"

ਉਸਨੇ ਰੋਟੀ ਨਾਲ ਰੱਸੀ ਬੰਨ੍ਹੀ ਅਤੇ ਉਸਨੂੰ ਸੜਕ 'ਤੇ ਘਸੀਟਦਾ ਹੋਇਆ ਘਰ ਵੱਲ ਲੈ ਆਇਆ!

ਜਦੋਂ ਉਸਦੀ ਮਾਂ ਨੇ ਇਹ ਦੇਖਿਆ, ਉਹ ਲਗਭਗ ਬੇਹੋਸ਼ ਹੋ ਗਈ। ਪਰ ਇਸ ਵਾਰੀ ਉਸਨੇ ਡੂਫ਼ੀ ਨੂੰ ਡਾਂਟਿਆ ਨਹੀਂ। ਉਸਨੇ ਕਿਹਾ, "ਤੇਰੀ ਮਾਸੀ ਸਾਡੇ ਲਈ ਬਹੁਤ ਚੰਗੀ ਹੈ। ਪਰ ਹੁਣ ਕੁਝ ਸਮੇਂ ਲਈ ਅਸੀਂ ਉਸਦੇ ਕੋਲ ਨਹੀਂ ਜਾਵਾਂਗੇ। ਅਸੀਂ ਛੁੱਟੀਆਂ ਵਿੱਚ ਉਸਨੂੰ ਮਿਲਣ ਜਾਵਾਂਗੇ ਅਤੇ ਉਸਦੇ ਲਈ ਬਹੁਤ ਸੋਹਣੇ ਤੋਹਫ਼ੇ ਲੈ ਕੇ ਜਾਵਾਂਗੇ।"



ਇਸ ਤੋਂ ਬਾਅਦ ਕੁਝ ਸਮੇਂ ਲਈ ਸਭ ਕੁਝ ਸ਼ਾਂਤ ਰਿਹਾ। ਪਰ ਡੂਫ਼ੀ ਵਰਗਾ ਪੁੱਤ ਹੋਵੇ ਤਾਂ ਚੁੱਪੀ ਜ਼ਿਆਦਾ ਦੇਰ ਨਹੀਂ ਰਹਿੰਦੀ!

ਇੱਕ ਦਿਨ ਡੂਫ਼ੀ ਦੀ ਮਾਂ ਨੂੰ ਆਪਣੇ ਬਿਮਾਰ ਰਿਸ਼ਤੇਦਾਰ ਨੂੰ ਵੇਖਣ ਜਾਣਾ ਪਿਆ। ਘਰ ਤੋਂ ਨਿਕਲਦਿਆਂ ਉਸਨੇ ਕਿਹਾ, "ਡੂਫ਼ੀ, ਮੈਂ ਕੁਝ ਖੁਸ਼ਕ ਰੋਟੀਆਂ ਸੁੱਕਣ ਲਈ ਰੱਖੀਆਂ ਹਨ, ਇਸ ਲਈ ਧਿਆਨ ਨਾਲ ਪੈਰ ਰੱਖੀਂ।"

ਥੋੜ੍ਹੀ ਦੇਰ ਬਾਅਦ ਡੂਫ਼ੀ ਉਹਨਾਂ ਰੋਟੀਆਂ ਨੂੰ ਵੇਖਣ ਗਿਆ। ਮਾਂ ਨੇ ਕੀ ਕਿਹਾ ਸੀ? ਹਾਂ—"ਧਿਆਨ ਨਾਲ ਪੈਰ ਰੱਖੀਂ!"

ਇਸ ਲਈ ਉਸਨੇ ਹਰ ਇਕ ਰੋਟੀ 'ਤੇ ਧਿਆਨ ਨਾਲ ਪੈਰ ਰੱਖ ਦਿੱਤਾ!

(ਯੂਰਪੀ ਕਹਾਣੀ 'ਤੇ ਆਧਾਰਿਤ)



P. Saraswati   V. Vijayakanthi
L. S. Saraswathi   S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਟੁੰਟੁਨੀ

ਟੁੰਟੁਨੀ, ਦਰਜ਼ੀ ਪੰਛੀ, ਰਾਜਸੀ ਬਾਗ ਵਿੱਚ ਬੇਰੀਆਂ ਖਾ ਰਹੀ ਸੀ। ਅਚਾਨਕ—ਹਾਏ! ਉਸਦੀ ਗਰਦਨ ਵਿੱਚ ਇੱਕ ਕੰਡਾ ਚੁੱਭ ਗਿਆ!

ਰੋਂਦੀ ਤੇ ਹਾਏ ਭਰਦੀ ਟੁੰਟੁਨੀ ਮਹਿਲ ਦੇ ਹਜਾਮ ਕੋਲ ਉੱਡ ਕੇ ਗਈ ਅਤੇ ਉਸਨੂੰ ਕੰਡਾ ਕੱਢਣ ਲਈ ਕਿਹਾ।

ਪਰ ਉਹ ਕਹਿੰਦਾ ਹੈ, "ਮੈਂ ਰਾਜੇ ਦਾ ਹਜਾਮ ਹਾਂ! ਮੈਂ ਤੇਰੀ ਮਦਦ ਨਹੀਂ ਕਰਾਂਗਾ, ਛੋਟੀ ਚਿੜੀ! ਦੂਰ ਹੋ ਜਾ!"

ਟੁੰਟੁਨੀ ਰਾਜੇ ਕੋਲ ਗਈ। "ਮੈਨੂੰ ਬਹੁਤ ਦਰਦ ਹੋ ਰਿਹਾ ਹੈ!" ਉਸਨੇ ਕਿਹਾ। "ਪਰ ਹਜਾਮ ਮੇਰੀ ਮਦਦ ਨਹੀਂ ਕਰਦਾ! ਕਿਰਪਾ ਕਰਕੇ ਉਸਨੂੰ ਸਜ਼ਾ ਦਿਓ!"

ਰਾਜਾ ਹੱਸ ਪਿਆ।

ਟੁੰਟੁਨੀ ਚੂਹੇ ਕੋਲ ਉੱਡੀ ਅਤੇ ਕਹਿੰਦੀ ਹੈ,

"ਓ ਚੂਹੇ! ਮੈਨੂੰ ਬਹੁਤ ਦਰਦ ਹੈ।
ਹਜਾਮ ਮੇਰੀ ਮਦਦ ਨਹੀਂ ਕਰਦਾ!
ਰਾਜਾ ਹਜਾਮ ਨੂੰ ਸਜ਼ਾ ਨਹੀਂ ਦਿੰਦਾ!
ਤੂੰ ਜਾ ਕੇ ਸੁੱਤੇ ਹੋਏ ਰਾਜੇ ਨੂੰ ਕੱਟ!"

ਪਰ ਚੂਹਾ ਡਰ ਕੇ ਆਪਣੀ ਖੁੱਡ ਵਿੱਚ ਛੁਪ ਗਿਆ। ਟੁੰਟੁਨੀ ਬਿੱਲੀ ਕੋਲ ਗਈ ਅਤੇ ਕਹਿੰਦੀ ਹੈ,

"ਓ ਬਿੱਲੀ! ਮੈਨੂੰ ਬਹੁਤ ਦਰਦ ਹੈ।
ਹਜਾਮ ਮੇਰੀ ਮਦਦ ਨਹੀਂ ਕਰਦਾ!
ਰਾਜਾ ਹਜਾਮ ਨੂੰ ਸਜ਼ਾ ਨਹੀਂ ਦਿੰਦਾ!
ਚੂਹਾ ਰਾਜੇ ਨੂੰ ਨਹੀਂ ਕੱਟਦਾ!
ਤੂੰ ਉਸ ਸ਼ਰਾਰਤੀ ਚੂਹੇ ਨੂੰ ਫੜ ਕੇ ਖਾ ਲੈ!"





ਪਰ ਬਿੱਲੀ ਨੇ ਕਿਹਾ, "ਹੁਣ ਨਹੀਂ! ਮੈਨੂੰ ਬਹੁਤ ਨੀਂਦ ਆ ਰਹੀ ਹੈ!"

ਟੁੰਟੁਨੀ ਲੱਕੜੀ ਕੋਲ ਗਈ ਅਤੇ ਕਹਿੰਦੀ ਹੈ,

"ਓ ਲੱਕੜੀ! ਮੈਨੂੰ ਬਹੁਤ ਦਰਦ ਹੈ।
ਬਿੱਲੀ ਚੂਹੇ ਨੂੰ ਨਹੀਂ ਫੜਦੀ!
ਤੂੰ ਜਾ ਕੇ ਉਸ ਆਲਸੀ ਬਿੱਲੀ ਨੂੰ ਮਾਰ!"

ਪਰ ਲੱਕੜੀ ਨੇ ਕਿਹਾ, "ਮੈਂ ਬਿੱਲੀ ਨੂੰ ਕਿਉਂ ਮਾਰਾਂ? ਉਸਨੇ ਮੇਰਾ ਕੀ ਵਿਗਾੜਿਆ ਹੈ?"

ਵਿਚਾਰੀ ਟੁੰਟੁਨੀ ਰੋਣ ਲੱਗ ਪਈ। ਫਿਰ ਉਸਨੇ ਅੱਗ ਵੇਖੀ ਅਤੇ ਉਸਦੇ ਆਲੇ-ਦੁਆਲੇ ਉੱਡਣ ਲੱਗ ਪਈ।

"ਓ ਅੱਗ! ਮੈਨੂੰ ਬਹੁਤ ਦਰਦ ਹੈ।
ਲੱਕੜੀ ਬਿੱਲੀ ਨੂੰ ਨਹੀਂ ਮਾਰਦੀ!
ਤੂੰ ਉਸ ਨਿਕੰਮੀ ਲੱਕੜੀ ਨੂੰ ਸਾੜ ਦੇ!"

ਅੱਗ ਨੇ ਕਿਹਾ, "ਮੈਂ ਸਾਰਾ ਦਿਨ ਸੜਦੀ ਰਹੀ ਹਾਂ। ਹੁਣ ਮੈਂ ਥੱਕ ਗਈ ਹਾਂ। ਮੁਆਫ਼ ਕਰ!"

ਟੁੰਟੁਨੀ ਦਰਿਆ ਕੋਲ ਉੱਡੀ ਅਤੇ ਕਹਿੰਦੀ ਹੈ,

"ਓ ਦਰਿਆ! ਮੈਨੂੰ ਬਹੁਤ ਦਰਦ ਹੈ।
ਅੱਗ ਲੱਕੜੀ ਨੂੰ ਨਹੀਂ ਸਾੜਦੀ!
ਤੂੰ ਅੱਗ ਨੂੰ ਬੁਝਾ ਦੇ!"

ਪਰ ਦਰਿਆ ਚੁੱਪਚਾਪ ਵਗਦਾ ਰਿਹਾ। ਟੁੰਟੁਨੀ ਹਾਥੀ ਕੋਲ ਗਈ ਅਤੇ ਕਹਿੰਦੀ ਹੈ,

"ਓ ਹਾਥੀ! ਮੈਨੂੰ ਬਹੁਤ ਦਰਦ ਹੈ।
ਦਰਿਆ ਅੱਗ ਨੂੰ ਨਹੀਂ ਬੁਝਾਉਂਦਾ!
ਤੂੰ ਸਾਰਾ ਦਰਿਆ ਪੀ ਜਾ!"

ਹਾਥੀ ਨੇ ਕਿਹਾ, "ਮੈਂ? ਜੇ ਮੈਂ ਦਰਿਆ ਪੀ ਲਿਆ, ਤਾਂ ਮੈਂ ਫਟ ਜਾਵਾਂਗਾ!"

ਟੂੰਟੂਨੀ ਬਹੁਤ ਥੱਕ ਗਈ ਸੀ। ਉਹ ਇੱਕ ਟਾਹਣੀ 'ਤੇ ਬੈਠ ਗਈ।

ਉਸਦੀ ਅੱਖ ਲੱਗਣ ਲੱਗੀ। ਓਦੋਂ ਹੀ "ਭੰਨ-ਭੰਨ" ਦੀ ਆਵਾਜ਼ ਆਈ—ਇੱਕ ਮੱਛਰ ਦੀ! ਟੂੰਟੂਨੀ ਨੂੰ ਇੱਕ ਉਮੀਦ ਜਾਗ ਪਈ।


ਉਸਨੇ ਕਿਹਾ,
"ਓ ਮੱਛਰ! ਮੈਨੂੰ ਬਹੁਤ ਦਰਦ ਹੈ।
ਹਾਥੀ ਦਰਿਆ ਨਹੀਂ ਪੀਂਦਾ!
ਤੂੰ ਜਾ ਕੇ ਉਸ ਹਾਥੀ ਨੂੰ ਹਰ ਜਗ੍ਹਾ ਕੱਟ!"

"ਜ਼ਰੂਰ!" ਮੱਛਰ ਨੇ ਕਿਹਾ।

ਫਿਰ ਸਾਰੇ ਮੱਛਰ ਇਕੱਠੇ ਹੋ ਕੇ ਹਾਥੀ 'ਤੇ ਟੁੱਟ ਪਏ ਅਤੇ ਉਸਨੂੰ ਹਰ ਜਗ੍ਹਾ ਕੱਟਣ ਲੱਗ ਪਏ। ਹਾਥੀ ਘਬਰਾ ਗਿਆ। ਉਹ ਦਰਿਆ ਵਿੱਚ ਜਾ ਛੁਪਿਆ, ਪਰ ਮੱਛਰ ਉੱਥੇ ਵੀ ਪਿੱਛੇ ਆ ਗਏ!

ਤਾਂ ਹਾਥੀ ਕਹਿੰਦਾ ਹੈ, "ਮੈਂ ਦਰਿਆ ਪੀ ਲਵਾਂਗਾ!"
ਦਰਿਆ ਕਹਿੰਦਾ ਹੈ, "ਮੈਂ ਅੱਗ ਬੁਝਾਵਾਂਗਾ!"
ਅੱਗ ਕਹਿੰਦੀ ਹੈ, "ਮੈਂ ਲੱਕੜੀ ਸਾੜਾਂਗੀ!"
ਲੱਕੜੀ ਕਹਿੰਦੀ ਹੈ, "ਮੈਂ ਬਿੱਲੀ ਨੂੰ ਮਾਰਾਂਗੀ!"
ਬਿੱਲੀ ਕਹਿੰਦੀ ਹੈ, "ਮੈਂ ਚੂਹੇ ਨੂੰ ਫੜਾਂਗੀ!"
ਚੂਹਾ ਕਹਿੰਦਾ ਹੈ, "ਮੈਂ ਰਾਜੇ ਨੂੰ ਕੱਟਾਂਗਾ!"
ਰਾਜਾ ਕਹਿੰਦਾ ਹੈ, "ਮੈਂ ਹਜਾਮ ਨੂੰ ਸਜ਼ਾ ਦੇਵਾਂਗਾ!"





ਅਤੇ ਡਰੇ ਹੋਏ ਹਜਾਮ ਨੇ ਤੁਰੰਤ ਟੁੰਟੂਨੀ ਦੀ ਗਰਦਨ ਤੋਂ ਕੰਡਾ ਕੱਢ ਦਿੱਤਾ।


ਸੋਚੋ, ਟੁੰਟੂਨੀ ਨੂੰ ਕਿੰਨਾ ਸੁਖ ਮਿਲਿਆ ਹੋਵੇਗਾ!

(ਪੱਛਮੀ ਬੰਗਾਲ ਦੀ ਇੱਕ ਲੋਕ ਕਹਾਣੀ)

P. Saraswati V. Vijayakanthi
L. S. Saraswathi S. Rajalakshmi

Publisher Rajalakshmi Srinivasan Memorial Foundation
Punjabi Ramanpreet Kaur
Artist Uma Krishnaswamy

ਮੇਰਾ ਨਵਾਂ ਦੋਸਤ



ਇੱਕ ਵਾਰ ਇੱਕ ਗਿਲਹਿਰੀ ਅਤੇ ਇੱਕ ਖਰਗੋਸ਼ ਘਣੇ ਜੰਗਲ ਵਿੱਚ ਰਹਿੰਦੇ ਸਨ। ਉਹ ਚੰਗੇ ਦੋਸਤ ਸਨ ਅਤੇ ਬਹੁਤ ਸਮਾਂ ਇਕੱਠੇ ਬਿਤਾਉਂਦੇ ਸਨ।

ਗਿੱਲਹਿਰੀ ਬਹੁਤ ਜਗਿਆਸੂ ਸੀ। ਉਹ ਹਰ ਗੱਲ ਬਾਰੇ ਜਾਣਨਾ ਚਾਹੁੰਦੀ ਸੀ। ਪਰ ਉਸਦਾ ਦੋਸਤ ਖਰਗੋਸ਼ ਕਦੇ ਵੀ ਸਿੱਧਾ ਜਵਾਬ ਨਹੀਂ ਦਿੰਦਾ ਸੀ। ਖੁਸ਼ਕਿਸਮਤੀ ਨਾਲ ਦੋਵੇਂ ਬੁਝਾਰਤਾਂ ਬਹੁਤ ਪਸੰਦ ਕਰਦੇ ਸਨ।

ਇੱਕ ਸਵੇਰੇ ਗਿੱਲਹਿਰੀ ਨੇ ਵੇਖਿਆ ਕਿ ਖਰਗੋਸ਼ ਇਕੱਲਾ ਹੀ ਤੁਰਿਆ ਜਾ ਰਿਹਾ ਹੈ। ਉਹ ਦੌੜ ਕੇ ਉਸਦੇ ਕੋਲ ਪਹੁੰਚੀ।

ਗਿਲਹਿਰੀ: ਖਰਗੋਸ਼ ਜੀ, ਤੁਸੀਂ ਇੰਨੇ ਸਵੇਰੇ ਕਿੱਥੇ ਜਾ ਰਹੇ ਹੋ?

ਖਰਗੋਸ਼: ਮੈਂ ਆਪਣੇ ਨਵੇਂ ਦੋਸਤ ਨਾਲ ਖੇਡਣ ਜਾ ਰਿਹਾ ਹਾਂ!



ਗਿੱਲਹਿਰੀ: ਸੱਚ? ਤੁਹਾਡਾ ਨਵਾਂ ਦੋਸਤ ਕੌਣ ਹੈ?

ਖਰਗੋਸ਼: ਤੂੰ ਆਪ ਹੀ ਅੰਦਾਜ਼ਾ ਲਾ। ਇਕ ਇਸ਼ਾਰਾ ਦੇਂਦਾ ਹਾਂ—ਉਸਦੇ ਚਾਰ ਪੈਰ ਹਨ।

ਗਿੱਲਹਿਰੀ: ਇਹ ਕਿਹੋ ਜਿਹਾ ਇਸ਼ਾਰਾ ਹੈ? ਸਾਡੇ ਸਭ ਦੇ ਤਾਂ ਚਾਰ ਪੈਰ ਹਨ! ਚੰਗਾ, ਮੈਂ ਆਪ ਹੀ ਪਤਾ ਲਗਾਉਂਦੀ ਹਾਂ...

ਖਰਗੋਸ਼: ਦੱਸ ਫਿਰ, ਕੀ ਲੱਗਦਾ ਹੈ?

ਗਿੱਲਹਿਰੀ: ਕੀ ਉਹ ਵੱਡਾ ਜਾਨਵਰ ਹੈ?

ਖਰਗੋਸ਼: ਹਾਂ!

ਗਿੱਲਹਿਰੀ: ਫਿਰ ਤਾਂ ਮੈਨੂੰ ਪਤਾ ਲੱਗ ਗਿਆ! ਤੇਰਾ ਦੋਸਤ ਹਾਥੀ ਹੈ! ਹਾਥੀ ਜੰਗਲ ਦਾ ਸਭ ਤੋਂ ਵੱਡਾ ਜਾਨਵਰ ਹੁੰਦਾ ਹੈ!

ਖਰਗੋਸ਼: ਨਹੀਂ! ਮੇਰੇ ਦੋਸਤ ਦੀ ਲੰਮੀ ਸੁੰਡ ਨਹੀਂ ਹੈ।

ਗਿੱਲਹਿਰੀ: ਤਾਂ ਫਿਰ ਉਹ ਗੈਂਡਾ ਹੋਵੇਗਾ! ਗੈਂਡੇ ਦੀ ਸੁੰਡ ਨਹੀਂ ਹੁੰਦੀ!

ਖਰਗੋਸ਼: ਨਹੀਂ, ਨਹੀਂ! ਮੇਰੇ ਦੋਸਤ ਦੇ ਸਿੰਗ ਵੀ ਨਹੀਂ ਹਨ।

ਖਰਗੋਸ਼ ਤੇਜ਼ ਤੁਰਨ ਲੱਗ ਪਿਆ। ਗਿੱਲਹਿਰੀ ਉਸਦੇ ਪਿੱਛੇ ਦੌੜੀ।

ਗਿੱਲਹਿਰੀ: ਰੁਕੋ! ਮੈਨੂੰ ਪਤਾ ਲੱਗ ਗਿਆ! ਤੇਰਾ ਦੋਸਤ ਬੋਤਾ ਹੈ! ਉਸਦੇ ਚਾਰ ਪੈਰ ਹੁੰਦੇ ਹਨ, ਸੁੰਡ ਨਹੀਂ ਹੁੰਦੀ ਅਤੇ ਸਿੰਗ ਵੀ ਨਹੀਂ ਹੁੰਦੇ!





ਖਰਗੋਸ਼: ਪਰ ਮੇਰੇ ਦੋਸਤ ਦੀ ਕੁੱਬੜ ਵੀ ਨਹੀਂ ਹੈ।

ਖਰਗੋਸ਼ ਰਸਤੇ ਉੱਪਰ ਦੌੜ ਪਿਆ।


ਗਿਲਹਿਰੀ: ਫਿਰ ਕੌਣ ਹੋ ਸਕਦਾ ਹੈ? ਹਾਂ! ਜ਼ਰੂਰ ਉਹ ਜ਼ੈਬਰਾ ਹੋਵੇਗਾ!

ਖਰਗੋਸ਼: ਹਾਹਾ! ਮੇਰੇ ਦੋਸਤ 'ਤੇ ਧਾਰੀਆਂ ਨਹੀਂ ਹਨ! ਹੁਣ ਮੈਨੂੰ ਜਾਣ ਦੇ, ਮੈਨੂੰ ਦੇਰ ਨਹੀਂ ਕਰਨੀ।

ਗਿਲਹਿਰੀ: ਨਹੀਂ, ਰੁਕੋ! ਮੈਨੂੰ ਲੱਗਦਾ ਹੈ ਤੇਰਾ ਦੋਸਤ ਭਾਲੂ ਹੈ!

ਖਰਗੋਸ਼: ਨਹੀਂ ਜੀ! ਮੇਰੇ ਦੋਸਤ ਦੇ ਭਾਲੂ ਵਰਗੇ ਘਣੇ ਵਾਲ ਨਹੀਂ ਹਨ!

ਗਿਲਹਿਰੀ: ਅੱਛਾ? ਤਾਂ ਕੀ ਤੇਰੇ ਦੋਸਤ ਦੇ ਧੱਬੇ ਹਨ?





ਖਰਗੋਸ਼: ਹਾਂ! ਹਨ!

ਗਿਲਹਿਰੀ: ਫਿਰ ਤਾਂ ਉਹ ਚੀਤਾ ਹੈ!

ਖਰਗੋਸ਼: ਕੀ ਤੂੰ ਪਾਗਲ ਹੋਈ ਹੈ? ਚੀਤਾ ਤਾਂ ਮੈਨੂੰ ਖਾ ਜਾਵੇਗਾ! ਅਤੇ ਮੇਰੇ ਦੋਸਤ ਦੇ ਚੀਤੇ ਵਰਗੇ ਤੇਜ਼ ਨਖ ਨਹੀਂ ਹਨ।

ਗਿਲਹਿਰੀ: ਹੁਣ ਤਾਂ ਸਪਸ਼ਟ ਹੈ! ਤੇਰਾ ਦੋਸਤ ਹਿਰਨ ਹੈ।

ਖਰਗੋਸ਼: ਫਿਰ ਗਲਤ! ਚਲ, ਇੱਕ ਹੋਰ ਇਸ਼ਾਰਾ—ਮੇਰੇ ਦੋਸਤ ਦੀ ਲੰਮੀ, ਬਹੁਤ ਲੰਮੀ ਗਰਦਨ ਹੈ।

ਗਿਲਹਿਰੀ: ਹਾਂ! ਹੁਣ ਸਮਝ ਆ ਗਿਆ—ਤੇਰਾ ਦੋਸਤ ਜਿਰਾਫ਼ ਹੈ! ਠੀਕ ਹੈ ਨਾ?

ਖਰਗੋਸ਼: ਹਾਂ, ਬਿਲਕੁਲ ਠੀਕ! ਤੂੰ ਮੇਰੇ ਨਾਲ ਚੱਲ। ਮੇਰਾ ਨਵਾਂ ਦੋਸਤ ਜਿਰਾਫ਼ ਸਾਨੂੰ ਜੰਗਲ ਦੀ ਸੈਰ ਕਰਵਾਏਗਾ!

Publisher Rajalakshmi Srinivasan Memorial Foundation

P. Saraswati V. Vijayakanthi

L. S. Saraswathi S. Rajalakshmi

Punjabi Ramanpreet Kaur

Artist Uma Krishnaswamy